P-1-36/Date of Posting: 4th-9th October, 2026

ਮੁੱਲ: ₹20

ਪ੍ਰਾਇਮਰੀ ਸਿੱਖਿਆ

ਅਕਤੂਬਰ, 2026



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

ਮੁੱਖ ਸੰਪਾਦਕ:
ਉਪ ਸਕੱਤਰ, ਅਕਾਦਮਿਕ

ਸੰਪਾਦਕ:
ਪਰਮਿੰਦਰ ਕੌਰ

ਅਕਤੂਬਰ, 2026, ਸਾਲ 56ਵਾਂ ਅੰਕ 10

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਨੋਟਿਸ-ਬੋਰਡ

“ਪੰਖੜੀਆਂ’ ਅਤੇ ‘ਪ੍ਰਾਇਮਰੀ ਸਿੱਖਿਆ’ ਵਿੱਚ ਛਪਣ ਵਾਲ਼ੀਆਂ ਰਚਨਾਵਾਂ ਦੇ ਨਵੇਂ ਤੇ ਪੁਰਾਣੇ ਲੇਖਕਾਂ ਨੂੰ ਅਪੀਲ ਹੈ ਕਿ ਅਗਲੇ ਮਹੀਨਿਆਂ ਨਾਲ਼ ਸੰਬੰਧਿਤ ਸਮਗਰੀ ਨੂੰ ਦੋ ਮਹੀਨੇ ਐਡਵਾਂਸ ਭੇਜਿਆ ਜਾਵੇ ਤਾਂ ਜੋ ਉਹਨਾਂ ਦੁਆਰਾ ਭੇਜੀਆਂ ਰਚਨਾਵਾਂ ਨੂੰ ਮੈਗਜ਼ੀਨਾਂ ਵਿੱਚ ਪ੍ਰਿੰਟ ਕਰਵਾ ਕੇ ਸਮੇਂ ਦਾ ਹਾਣੀ ਬਣਾਉਂਦੇ ਹੋਇਆਂ ਪਾਠਕਾਂ ਤੱਕ ਪੁੱਜਦਾ ਕੀਤਾ ਜਾ ਸਕੇ।”

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8, ਸਾਹਿਬਜ਼ਾਦਾ
ਅਜੀਤ ਸਿੰਘ ਨਗਰ, ਮੁਹਾਲ਼ੀ - 160062

ਚਿੱਠੀ-ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:

ਸੰਪਾਦਕ, ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲ਼ੀ-160062
ਸੰਪਰਕ: 0172-5227395

ਇੱਕ ਕਾਪੀ: ₹20 | ਸਲਾਨਾ: ₹240

ਈ-ਮੇਲ: pankhrianpseb@gmail.com
academic.pseb@punjab.gov.in

ਬੋਰਡ ਦੀ ਵੈਬਸਾਈਟ: www.pseb.ac.in

ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ੁੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ।

ਇਸ ਅੰਕ ਵਿੱਚ

ਸੰਪਾਦਕੀ/ਸ੍ਰੀਮਤੀ ਪਰਮਿੰਦਰ ਕੌਰ 4
ਹੱਸਦੇ-ਖੇਡਦੇ ਜਾਈਏ ਸਕੂਲ/ਸ੍ਰੀ ਜਸਵਿੰਦਰ ਸਰੋਏ 5
ਦਸਹਿਰਾ/ਸ੍ਰੀ ਕੁਲਵੰਤ ਸਿੰਘ ਢੰਡ 6
ਮਿਠਿਆਈਆਂ/ਸ੍ਰੀ ਕਰਮਜੀਤ ਸਿੰਘ ਗਰੇਵਾਲ 7
ਕੁਛ ਨਹੀਂ/ਸ੍ਰੀਮਤੀ ਰਜਵੰਤ ਕੌਰ ਢੋਲਣਮਾਜਰਾ 10
ਐਤਵਾਰ ਦਾ ਦਿਨ/ਡਾ. ਸਾਧੂ ਰਾਮ ਲੰਗੇਆਣਾ 11
ਸਟੇਜ ਦਾ ਡਰ/ਡਾ. ਰਾਜਵੀਰ ਕੌਰ 12
ਸਕੂਲ ਮੇਰਾ ਪਿਆਰਾ/ਸ੍ਰੀ ਰਾਜੇਸ਼ ਕੁਮਾਰ 14
ਗੋਲ਼-ਗੱਪਿਆਂ ਦੀ ਰੇੜ੍ਹੀ/ਰਜਨੀ ਰਾਣੀ 15
ਖੋਏ-ਮਲ਼ਾਈ ਦੀਆ ਬਾਤਾਂ/ਸ੍ਰੀ ਹਰਪ੍ਰੀਤ ਪੱਤੋਂ 17
ਸਕੂਲ/ਅਮਨਦੀਪ ਕੌਰ ਸੈਣੀ 18
ਸਹੇਲੀ/ ਕਮਲਵੀਰ ਕੌਰ 19
ਡੈਡੀ ਠੀਕ ਕਹਿੰਦੇ ਸੀ/ਸ੍ਰੀ ਚਰਨਜੀਤ ਸਿੰਘ ਕਤਰਾ 20
ਜਲ ਹੈ ਤਾਂ ਕੱਲ੍ਹ ਹੈ/ਸ੍ਰੀ ਰੋਹਿਮ ਸੈਣੀ 24
ਮੇਰੀ ਸਾਈਕਲ/ਸ੍ਰੀ ਕਸ਼ਮੀਰੀ ਲਾਲ ਚਾਵਲਾ 24
ਗਰਮੀ ਹੈ ਵਰਦਾਨ/ਸ੍ਰੀ ਮੇਜਰ ਸਿੰਘ ਨਾਭਾ 25
ਮੁਸਕਰਾਉਂਦੇ ਬੱਚੇ ਤੇ ਫੁੱਲ/ਸ੍ਰੀ ਸਨੇਹਇੰਦਰ ਸਿੰਘ ਮੀਲੂ 26
ਧੀਆਂ-ਧਿਆਣੀਆਂ/ਸ੍ਰੀਮਤੀ ਰਿਨਸੀ ਢੰਡ 28
ਹ-ਹਾਹਾ/ਸ੍ਰੀ ਤਰਸੇਮ ਲੰਡੇ 28
ਬੋਲਦੀਆਂ ਤਸਵੀਰਾਂ/ਸ੍ਰੀ ਹਰਵੀਰ ਮਾਨ 29
ਨਿੱਕੀ ਜਿਹੀ ਗੁੱਡੀ/ਸ੍ਰੀ ਗੁਰਚਰਨ ਸਿੰਘ ਭੱਟੀ 32
ਬੰਟੀ/ਸ੍ਰੀ ਮਨਜੀਤ ਸਿੰਘ ਬੱਧਣ 33
ਨਿੱਕੇ ਬਾਲ/ਸ੍ਰੀ ਮਹਿੰਦਰ ਸਿੰਘ ਮਾਲ 34
ਬੁਝਾਰਤਾਂ/ਸ੍ਰੀ ਆਤਮਾ ਸਿੰਘ ਚਿੱਟੀ 35

ਸੰਪਾਦਕੀ



ਪਿਆਰੇ ਵਿਦਿਆਰਥੀਓ!

ਪਿਆਰੇ ਬੱਚਿਓ, ਅਨੁਸ਼ਾਸਨ ਸਫਲ ਜੀਵਨ ਦੀ ਪੌੜੀ ਹੈ। ਜਿਸ ਤਰ੍ਹਾਂ ਇੱਕ ਸੁੰਦਰ ਬਗ਼ੀਚਾ ਨਿਯਮਿਤ ਚੰਗੀ ਦੇਖ-ਭਾਲ ਨਾਲ਼ ਖਿੜਦਾ ਹੈ ਉਸੇ ਤਰ੍ਹਾਂ ਮਨੁੱਖ ਦਾ ਜੀਵਨ ਵੀ ਅਨੁਸ਼ਾਸਨ ਨਾਲ਼ ਸੁੰਦਰ ਅਤੇ ਸਫਲ ਬਣਦਾ ਹੈ। ਅਨੁਸ਼ਾਸਨ ਦਾ ਅਰਥ ਹੈ, ਆਪਣੇ ਜੀਵਨ ਵਿੱਚ ਨਿਯਮਾਂ ਸਮੇਤ ਜ਼ਿੰਮੇਵਾਰੀਆਂ ਦਾ ਪਾਲਣ ਕਰਨਾ। ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੀ ਵਿਸ਼ੇਸ਼ ਮਹੱਤਤਾ ਹੈ। ਸਮੇਂ ਸਿਰ ਉੱਠਣਾ ਸਕੂਲ ਜਾਣਾ, ਪੜ੍ਹਾਈ ਲਈ ਨਿਸ਼ਚਿਤ ਸਮਾਂ ਚੁਣਨਾ ਅਧਿਆਪਕਾਂ ਦਾ ਸਤਿਕਾਰ ਕਰਨਾ ਅਤੇ ਆਪਣੇ ਕੰਮ ਨੂੰ ਸਮੇਂ ਸਿਰ ਪੂਰਾ ਕਰਨਾ ਚੰਗੇ ਅਨੁਸ਼ਾਸਨ ਦੀਆਂ ਨਿਸ਼ਾਨੀਆਂ ਹਨ। ਅਨੁਸ਼ਾਸਿਤ ਵਿਦਿਆਰਥੀ ਆਪਣੇ ਸਮੇਂ ਦੀ ਕਦਰ ਕਰਦਾ ਹੈ ਅਤੇ ਆਪਣੇ ਟੀਚੇ ਵੱਲ ਲਗਾਤਾਰ ਅੱਗੇ ਵੱਧਦਾ ਹੈ। ਅਨੁਸ਼ਾਸਨ ਕੇਵਲ ਸਕੂਲ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ ਇਸ ਦੀ ਘਰ, ਖੇਡਾਂ, ਸਮਾਜ ਅਤੇ ਰੁਜ਼ਾਨਾ ਜੀਵਨ ਵਿੱਚ ਵੀ ਲੋੜ ਹੁੰਦੀ ਹੈ, ਸਾਨੂੰ ਸੜਕਾਂ 'ਤੇ ਟ੍ਰੈਫ਼ਿਕ-ਨਿਯਮਾਂ ਦੀ ਪਾਲਣਾ ਜਨਤਿਕ ਥਾਂਵਾਂ ਦੀ ਸਫ਼ਾਈ ਅਤੇ ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਆਓ, ਤਿਉਹਾਰਾਂ ਦੇ ਇਹਨਾਂ ਦਿਨਾਂ ਵਿੱਚ ਅਸੀਂ ਆਪਣੇ ਜੀਵਨ ਵਿੱਚ ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਅਪਣਾਈਏ ਅਤੇ ਨਿਯਮਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ, ਬੱਚਿਓ ਯਾਦ ਰੱਖੋ ਕਿ ਅਨੁਸ਼ਾਸਨ ਸਾਨੂੰ ਰੋਕਦਾ ਨਹੀਂ ਸਗੋਂ ਸਹੀ ਦਿਸ਼ਾ ਵਿੱਚ ਅੱਗੇ ਵਧਣ ਦੀ ਤਾਕਤ ਦਿੰਦਾ ਹੈ ਜਿਸ ਨਾਲ਼ ਤੁਸੀਂ ਖ਼ੁਸ਼ੀ ਦੀ ਸਿਰਜਣਾ ਕਰ ਸਕਦੇ ਹੋ।

ਰੱਬ ਰਾਖਾ

ਪਰਮਿੰਦਰ ਕੌਰ



ਹੱਸਦੇ-ਖੇਡਦੇ ਜਾਈਏ ਸਕੂਲ

ਹੱਸਦੇ-ਖੇਡਦੇ ਬੱਚਿਓ ਜਾਈਏ ਸਕੂਲ,
ਜੀਵਨ ਜਿਊਂਣ ਦੇ ਸਿੱਖੀਏ ਅਸੂਲ।
ਤੇਜ਼ ਰਫ਼ਤਾਰ ਬੀਤ ਰਿਹਾ ਏ ਵੇਲਾ,
ਤੁਰਦਿਆਂ ਕਿਤੇ ਨਾ ਹੋ ਜਾਏ ਕਵੇਲਾ।
ਗ਼ੁੱਸਾ ਛੱਡੀਏ ਰਹਿਣਾ ਸਿੱਖੀਏ ਨਾਲ਼ ਸਕੂਨ,
ਹੱਸਦੇ-ਖੇਡਦੇ ਬੱਚਿਓ ਜਾਈਏ ਸਕੂਲ।
ਜੀਵਨ ਜਿਊਂਣ ਦੇ ਸਿੱਖੀਏ ਅਸੂਲ,
ਗਿਆਨ-ਖਜ਼ਾਨਾ ਜਗਦੇ ਰਹਿਣ ਅਧਿਆਪਕ,
ਇੰਟਰਨੈੱਟ ਦੀ ਦੁਨੀਆ ਹੋਈ ਵਿਆਪਕ।
ਗੱਲਾਂ ਜਾਣੇ ਕੰਮ ਦੀਆਂ ਛੱਡੀਏ ਸਭ ਫ਼ਜ਼ੂਲ,
ਹੱਸਦੇ-ਖੇਡਦੇ ਬੱਚਿਓ ਜਾਈਏ ਸਕੂਲ।
ਜੀਵਨ ਜਿਊਂਣ ਦੇ ਸਿੱਖੀਏ ਅਸੂਲ।

ਖੇਡ-ਕੁੱਦ ਦੀ ਉਮਰ ਨਿਆਣੀ ਪੜ੍ਹਨਾ ਜ਼ੋਰੋ-ਜ਼ੋਰ,
ਅਨੁਸ਼ਾਸਨ ਦੀ ਕਰਾਮਾਤ ਅੰਕ ਪਾਵਣ ਸ਼ੋਰ।
ਦੁਨੀਆ ਦੀ ਚਕਾਚੌਂਧ ਵਿੱਚ ਭੁੱਲ ਵਿੱਚ ਨਾ ਜਾਣਾ ਮੂਲ।
ਹੱਸਦੇ-ਖੇਡਦੇ ਬੱਚਿਓ ਜਾਈਏ ਸਕੂਲ,
ਜੀਵਨ ਜਿਊਂਣ ਦੇ ਸਿੱਖੀਏ ਅਸੂਲ।
ਬਣ ਕੇ ਸਿਆਣੇ ਮੰਨੀਏ ਵੱਡਿਆਂ ਦਾ ਕਹਿਣਾ,
ਸੁਣ 'ਸਰੋਏ' ਸਾਥੀਆਂ ਨਾਲ਼ ਆਪਾਂ ਮਿਲ ਕੇ ਰਹਿਣਾ।
ਲਿਆਕਤ ਵਾਲ਼ੀ ਗੱਲ ਸਮਝਣੀ ਛੱਡਣਾ ਊਲ-ਜਲੂਲ।
ਹੱਸਦੇ-ਖੇਡਦੇ ਬੱਚਿਓ ਜਾਈਏ ਸਕੂਲ,
ਜੀਵਨ ਜਿਊਂਣ ਦੇ ਸਿੱਖੀਏ ਅਸੂਲ।

ਜਸਵਿੰਦਰ ਸਰੋਏ
9914162406



ਦਸਹਿਰਾ

ਦਸਹਿਰਾ, ਜਿਸ ਨੂੰ ਵਿਜੇਦਸਮੀ ਵੀ ਕਿਹਾ ਜਾਂਦਾ ਹੈ, ਭਾਰਤ ਦੇ ਸਭ ਤੋਂ ਪ੍ਰਮੁੱਖ ਅਤੇ ਪਵਿੱਤਰ ਤਿਉਹਾਰਾਂ ਵਿੱਚੋਂ ਇੱਕ ਹੈ। ਇਹ ਤਿਉਹਾਰ ਮੁੱਖ ਤੌਰ 'ਤੇ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਪੂਰੇ ਦੇਸ ਵਿੱਚ ਬੜੇ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ।

ਧਾਰਮਿਕ ਮਾਨਤਾਵਾਂ ਅਨੁਸਾਰ, ਇਸ ਦਿਨ ਭਗਵਾਨ ਸ੍ਰੀ ਰਾਮ ਨੇ ਹੰਕਾਰੀ ਅਤੇ ਅੱਤਿਆਚਾਰੀ ਦੈਂਤ ਰਾਜਾ ਰਾਵਣ ਦਾ ਵਧ ਕੀਤਾ ਸੀ ਅਤੇ ਮਾਤਾ ਸੀਤਾ ਨੂੰ ਉਸ ਦੀ ਕੈਦ ਵਿੱਚੋਂ ਅਜ਼ਾਦ ਕਰਵਾਇਆ ਸੀ। ਰਾਵਣ ਨੂੰ ਉਸ ਦੇ ਹੰਕਾਰ ਅਤੇ ਮਾੜੇ ਕਰਮਾਂ ਦਾ ਫਲ਼ ਮਿਲ਼ਿਆ ਸੀ।

ਇੱਕ ਹੋਰ ਪ੍ਰਚਲਿਤ ਕਥਾ ਅਨੁਸਾਰ, ਮਾਤਾ ਦੁਰਗਾ ਨੇ ਨੌਂ ਦਿਨ ਅਤੇ ਨੌਂ ਰਾਤਾਂ ਲਗਾਤਾਰ ਯੁੱਧ ਕਰਨ ਤੋਂ ਬਾਅਦ ਦਸਵੇਂ ਦਿਨ ਮਹਿਖਾਸੁਰ ਨਾਂ ਦੇ ਦੈਂਤ ਦਾ ਅੰਤ ਕੀਤਾ ਸੀ। ਇਸੇ ਖ਼ੁਸ਼ੀ ਵਿੱਚ ਨਵਰਾਤਰਿਆਂ ਤੋਂ ਬਾਅਦ ਵਾਲ਼ਾ ਦਸਵਾਂ ਦਿਨ ਵਿਜੇਦਸਮੀ ਵਜੋਂ ਮਨਾਇਆ ਜਾਂਦਾ ਹੈ। (ਬੰਗਾਲ ਅਤੇ ਹੋਰ ਪੂਰਬੀ ਰਾਜਾਂ ਵਿੱਚ ਇਸ ਨੂੰ ਦੁਰਗਾ-ਪੂਜਾ ਵਜੋਂ ਮਨਾਇਆ ਜਾਂਦਾ ਹੈ)।

ਦਸਹਿਰੇ ਤੋਂ ਲਗ-ਪਗ 10 ਦਿਨ ਪਹਿਲਾਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਰਾਮ-ਲੀਲ੍ਹਾ ਸ਼ੁਰੂ ਹੋ ਜਾਂਦੀ ਹੈ। ਇਸ ਵਿੱਚ ਭਗਵਾਨ ਰਾਮ ਦੇ ਜੀਵਨ ਦੀਆਂ ਘਟਨਾਵਾਂ ਨੂੰ ਨਾਟਕ ਦੇ ਰੂਪ ਵਿੱਚ ਮੰਚ 'ਤੇ ਪੇਸ਼ ਕੀਤਾ ਜਾਂਦਾ ਹੈ।

ਦਸਹਿਰੇ ਵਾਲ਼ੇ ਦਿਨ ਖੁੱਲ੍ਹੇ ਮੈਦਾਨ ਵਿੱਚ

ਰਾਵਣ, ਉਸ ਦੇ ਭਰਾ ਕੁੰਭਕਰਨ ਅਤੇ ਪੁੱਤਰ ਮੇਘਨਾਦ ਦੇ ਬਾਂਸ, ਕਾਗ਼ਜ਼ ਅਤੇ ਪਟਾਕਿਆਂ ਨਾਲ਼ ਬਣੇ ਵੱਡੇ-ਵੱਡੇ ਪੁਤਲੇ ਖੜ੍ਹੇ ਕੀਤੇ ਜਾਂਦੇ ਹਨ। ਸ਼ਾਮ ਵੇਲ਼ੇ ਰਾਮ ਬਣਿਆ ਕਲਾਕਾਰ ਤੀਰ ਚਲਾ ਕੇ ਇਹਨਾਂ ਪੁਤਲਿਆਂ ਨੂੰ ਅੱਗ ਲਗਾਉਂਦਾ ਹੈ ਜੋ ਬੁਰਾਈ ਦੇ ਸੜ ਕੇ ਸੁਆਹ ਹੋਣ ਨੂੰ ਦਰਸਾਉਂਦਾ ਹੈ।

ਇਸ ਮੌਕੇ ਥਾਂ-ਥਾਂ 'ਤੇ ਭਾਰੀ ਮੇਲੇ ਲੱਗਦੇ ਹਨ। ਲੋਕ ਆਪਣੇ ਪਰਿਵਾਰਾਂ ਅਤੇ ਬੱਚਿਆਂ ਸਮੇਤ ਮੇਲੇ ਦਾ ਅਨੰਦ ਮਾਣਦੇ ਹਨ, ਮਿਠਿਆਈਆਂ (ਖ਼ਾਸ ਕਰਕੇ ਜਲੇਬੀਆਂ) ਖਾਂਦੇ ਹਨ ਅਤੇ ਖਿਡੌਣੇ ਖ਼ਰੀਦਦੇ ਹਨ।

ਦਸਹਿਰਾ ਸਾਨੂੰ ਇਹ ਅਹਿਮ ਸਿੱਖਿਆ ਦਿੰਦਾ ਹੈ ਕਿ ਝੂਠ, ਹੰਕਾਰ ਅਤੇ ਬੁਰਾਈ ਭਾਵੇਂ ਕਿੰਨੀ ਵੀ ਤਾਕਤਵਰ ਕਿਉਂ ਨਾ ਪ੍ਰਤੀਤ ਹੋਵੇ, ਅੰਤ ਵਿੱਚ ਜਿੱਤ ਹਮੇਸ਼ਾਂ ਸਚਾਈ, ਧਰਮ ਅਤੇ ਚੰਗਿਆਈ ਦੀ ਹੀ ਹੁੰਦੀ ਹੈ। ਇਹ ਸਾਨੂੰ ਆਪਣੇ ਅੰਦਰਲੇ ਹੰਕਾਰ ਅਤੇ ਬੁਰਾਈਆਂ ਨੂੰ ਖ਼ਤਮ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਕੁਲਵੰਤ ਸਿੰਘ ਢੰਡ
9888871461

ਗੀਤ

ਮਿਠਿਆਈਆਂ

ਚੱਲਦਾ ਜਦੋਂ ਮਿਲ਼ਾਵਟ ਧੰਦਾ,
ਉਦੋਂ ਕਿਉਂ ਨਾ ਸਮਝੇ ਬੰਦਾ।
ਜਿੰਨੀਆਂ ਮਰਜ਼ੀ ਦਿਓ ਦੁਹਾਈਆਂ,
ਖਾਣ ਤੋਂ ਹਟਦੇ ਨਾ ਮਿਠਿਆਈਆਂ।
ਚੀਜ਼ਾਂ ਖਾਣ ਦੀਆਂ ਨਾ ਢਕੀਆਂ,
ਉੱਤੇ ਫਿਰ ਰਹੀਆਂ ਨੇ ਮੱਖੀਆਂ।
ਪਿੱਛੋਂ ਖਾਂਦੇ ਫਿਰਨ ਦਵਾਈਆਂ,
ਖਾਣ ਤੋਂ ਹਟਦੇ ਨਾ ਮਿਠਿਆਈਆਂ।
ਖਾ ਰਹੇ ਲੈ-ਲੈ ਕੇ ਚਟਕਾਰੇ,
ਛੋਟੇ ਬਾਲ ਤੇ ਵੱਡੇ ਸਾਰੇ।
ਨਾ ਪਲੇਟਾਂ ਸਾਫ਼ ਕਰਵਾਈਆਂ,
ਖਾਣ ਤੋਂ ਹਟਦੇ ਨਾ ਮਿਠਿਆਈਆਂ।
ਆਉਂਦਾ ਕੋਈ ਜਦੋਂ ਤਿਓਹਾਰ,
ਜਾਂਦੇ ਚਾਅ ਨਾਲ਼ ਸਜੇ ਬਜ਼ਾਰ।
ਖਾਂਦੇ ਰੱਜ ਕੇ ਰਸ ਮਲ਼ਾਈਆਂ,
ਖਾਣ ਤੋਂ ਹਟਦੇ ਨਾ ਮਿਠਿਆਈਆਂ।
ਖੁੱਲ੍ਹੀਆਂ ਥਾਂ-ਥਾਂ ਬਹੁਤ ਦੁਕਾਨਾਂ,
ਬਹੁਤਿਆਂ ਦਾ ਹੈ ਇੱਕ ਨਿਸ਼ਾਨਾ।
ਕਰੀਏ ਰੱਜ ਕੇ ਖ਼ੂਬ ਕਮਾਈਆਂ,
ਖਾਣ ਤੋਂ ਹਟਦੇ ਨਾ ਮਿਠਿਆਈਆਂ।

ਕਰਮਜੀਤ ਸਿੰਘ ਗਰੇਵਾਲ
9872868913



ਕੁਛ ਨਹੀਂ

ਇੱਕ ਦਿਨ ਨੀਲੋ ਚੂਹੀ ਬਜ਼ਾਰ ਤੋਂ ਸ਼ਾਪਿੰਗ ਕਰਕੇ ਵਾਪਸ ਆ ਰਹੀ ਸੀ। ਉਸ ਨੇ ਹੱਦੋਂ ਵੱਧ ਸਮਾਨ ਚੁੱਕਿਆ ਹੋਇਆ ਸੀ।

ਰਿਕਸ਼ੇ ਤੋਂ ਉੱਤਰਦਿਆਂ ਉਸ ਨੇ ਮਦਦ ਲਈ ਇੱਧਰ-ਉੱਧਰ ਦੇਖਿਆ। ਉਸ ਨੂੰ ਚੀਂਪੂ ਖ਼ਰਗੋਸ਼ ਤੋਂ ਬਿਨਾਂ ਉੱਥੇ ਹੋਰ ਕੋਈ ਵੀ ਦਿਖਾਈ ਨਾ ਦਿੱਤਾ। ਪਰ ਨੀਲੋ ਚੀਂਪੂ ਤੋਂ ਮਦਦ ਨਹੀਂ ਸੀ ਲੈਣਾ ਚਾਹੁੰਦੀ ਕਿਉਂਕਿ ਚੀਂਪੂ ਬਹੁਤ ਚਲਾਕ ਅਤੇ ਆਪਣਾ ਉੱਲੂ ਸਿੱਧਾ ਕਰਨ ਵਾਲ਼ਾ ਸੀ। ਉਹ ਦੂਜਿਆਂ ਨੂੰ ਤੰਗ ਕਰਨ ਵਿੱਚ ਬਹੁਤ ਖ਼ੁਸ਼ੀ ਮਹਿਸੂਸ ਕਰਦਾ ਸੀ। ਜਿਸ ਕਰਕੇ ਹਰ ਕੋਈ ਉਸ ਤੋਂ ਦੂਰ ਰਹਿਣ ਵਿੱਚ ਹੀ ਭਲਾਈ ਸਮਝਦਾ ਸੀ।

ਜਿਉਂ ਹੀ ਚੀਂਪੂ ਦੀ ਨਜ਼ਰ ਨੀਲੋ 'ਤੇ ਪਈ, ਉਸ ਨੇ ਇੱਕ ਮਿੰਟ ਲਈ ਕੁਝ ਸੋਚਿਆ ਤੇ ਉਸ ਦੇ ਕੋਲ਼ ਚਲਾ ਗਿਆ। "ਚੀਂਪੂ ਨੇ ਸਾਊ ਜਿਹਾ ਬਣ ਕੇ ਨੀਲੋ ਨੂੰ ਪੁੱਛਿਆ," ਹਾਂ ਭਾਈ ਨੀਲੋ !

ਕਿੱਧਰ ਘੁੰਮ ਆਈ ਅੱਜ ? ਤੂੰ ਤਾਂ ਕੁੜੇ ਸਮਾਨ ਹੀ ਬਹੁਤ ਚੁੱਕਿਆ ਹੋਇਆ ਏ। ਲਿਆ.....ਮੈਂ ਤੇਰੀ ਮਦਦ ਕਰ ਦਿੰਦਾ ਹਾਂ।

"ਨਹੀਂ, ਨਹੀਂ ਚੀਂਪੂ ਭਰਾ, ਘਰ ਨੇੜੇ

ਹੀ ਹੈ ਹੁਣ ਤਾਂ, ਤੂੰ ਕਿਉਂ ਤੰਗ ਹੋਣਾ ਏ। ਮੈਂ ਔਖੀ-ਸੌਖੀ ਆਪ ਹੀ ਚਲੀ ਜਾਵਾਂਗੀ। "ਕਹਿ ਕੇ ਨੀਲੋ ਸਮਾਨ ਚੁੱਕਣ ਲੱਗ ਪਈ।

ਪਰ ਚੀਂਪੂ ਉਸ ਦੇ ਹੱਥੋਂ ਸਮਾਨ ਵਾਲ਼ਾ ਝੋਲ਼ਾ ਫੜਦਿਆਂ ਫੇਰ ਬੋਲਿਆ,"ਕੋਈ ਨਾ ਭੈਣੇ, ਲਿਆ ਮੈਂ ਲੈ ਚੱਲਦਾ ਹਾਂ।"

ਉਹ ਕੁਝ ਕੁ ਸਮਾਨ ਫੜ ਕੇ ਨੀਲੋਂ ਦੇ ਨਾਲ਼-ਨਾਲ਼ ਚੱਲ ਪਿਆ।

ਦਸ ਕੁ ਕਦਮ ਚੱਲ ਕੇ ਚੀਂਪੂ ਨੇ ਪੁੱਛਿਆ," ਨੀਲੋ ! ਇੱਕ ਗੱਲ ਤਾਂ ਦੱਸ...? ਸਮਾਨ ਚੁੱਕਣ ਦੇ ਬਦਲੇ ਤੂੰ ਮੈਨੂੰ ਕੀ ਦਵੇਂਗੀ?"

"ਕੁਛ ਨਹੀਂ", ਨੀਲੋ ਬੋਲੀ।" ਮੈਂ ਤਾਂ ਤੈਨੂੰ ਕਿਹਾ ਸੀ ਕਿ ਨਾ ਚੁੱਕ, ਮੈਂ ਆਪਣਾ ਸਮਾਨ ਆਪ ਚੁੱਕ ਕੇ ਲੈ ਜਾਵਾਂਗੀ।"

ਚੀਂਪੂ ਨੇ ਨੀਲੋ ਦੀ ਗੱਲ ਅਣਸੁਣੀ ਕਰ ਦਿੱਤੀ ਅਤੇ ਸਮਾਨ ਚੁੱਕੀ ਉਸ ਦੇ ਨਾਲ਼-ਨਾਲ਼ ਤੁਰੀ ਗਿਆ।

ਨੀਲੋ ਦਾ ਘਰ ਆ ਗਿਆ। ਚੀਂਪੂ ਤਾਂ ਦਰਵਾਜ਼ੇ ਅੱਗੇ ਸਮਾਨ ਦਾ ਝੋਲ਼ਾ ਰੱਖ ਕੇ ਅੜ ਕੇ ਹੀ ਖੜ੍ਹ ਗਿਆ।

"ਆਹ ਚੁੱਕ ਆਪਣਾ ਸਮਾਨ ਤੇ ਲਿਆ ਮੇਰਾ ਕਿਰਾਇਆ।" ਉਸ ਨੇ ਕਿਹਾ।

ਨੀਲੋ ਤਾਂ ਭਾਈ ਆਲ਼ੇ-ਦੁਆਲ਼ੇ ਦੇਖੇ। "ਕਿਰਾਇਆ ?..ਕਿਹੜਾ ਕਿਰਾਇਆ ?..ਮੈਂ ਤੇਰੇ ਨਾਲ਼ ਕਿਰਾਏ ਦੀ ਗੱਲ ਕਦੋਂ ਕੀਤੀ ਸੀ? ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਮੈਂ 'ਕੁਛ ਨਹੀਂ' ਦੇਣਾ।"

ਉਸ ਨੇ ਰੋਣਹਾਕੀ ਹੋ ਕੇ ਕਿਹਾ।

"ਹਾਂ..ਹਾਂ, ਮੈਂ ਵੀ ਤਾਂ ਇਹੋ ਹੀ ਕਹਿੰਦਾ ਹਾਂ ਕਿ ਲਿਆ ਮੇਰਾ 'ਕੁਛ ਨਹੀਂ' ਤੇ ਆਪਣਾ ਸਮਾਨ ਸੰਭਾਲ਼।" ਚੀਂਪੂ ਨੇ ਹਿੜ-ਹਿੜ ਕਰਕੇ ਕਿਹਾ।

ਗੱਲ ਤੂੰ-ਤੂੰ ਮੈਂ-ਮੈਂ ਤੱਕ ਪਹੁੰਚ ਗਈ। ਰੌਲ਼ਾ ਸੁਣ ਕੇ ਚੁਨੂੰ ਚੂਹਾ, ਭੂਰੇ ਲੂੰਬੜੀ,ਕਾਕੂ ਬਿੱਲਾ, ਮਿੱਠੂ ਤੋਤਾ ਆਦਿ ਸਾਰੇ ਉੱਥੇ ਆ ਗਏ। ਉਹਨਾਂ ਦੋਂਹਾਂ ਦੀ ਗੱਲ ਸੁਣਨ ਮਗਰੋਂ ਸਭ ਨੇ ਆਪੋ-ਆਪਣੀ ਰਾਇ ਦੇਣੀ ਸ਼ੁਰੂ ਕਰ ਦਿੱਤੀ।

ਚੁਨੂੰ ਚੂਹੇ ਨੇ ਕਿਹਾ," ਜੇ ਨੀਲੋ ਨੇ

ਵਾਅਦਾ ਕੀਤਾ ਹੈ ਤਾਂ ਕਿਰਾਇਆ ਦੇਣਾ ਚਾਹੀਦਾ ਹੈ। ਵਿਚਾਰਾ ਐਨੀ ਗਰਮੀ ਵਿੱਚ ਭਾਰੀ ਸਮਾਨ ਚੁੱਕ ਕੇ ਲਿਆਇਆ ਹੈ।"

ਕਾਕੂ ਬਿੱਲੇ ਨੇ ਕਿਹਾ," ਜੇ ਨੀਲੋ ਨੇ ਮਨ੍ਹਾ ਕੀਤਾ ਸੀ ਤਾਂ ਚੀਂਪੂ ਨੇ ਸਮਾਨ ਨਹੀਂ ਸੀ ਚੁੱਕਣਾ।"

ਇਸੇ ਤਰ੍ਹਾਂ ਬਾਕੀ ਸਾਰੇ ਵੀ ਕੋਈ ਨੀਲੋ ਦੇ ਹੱਕ ਵਿੱਚ ਬੋਲ ਰਿਹਾ ਸੀ ਅਤੇ ਕੋਈ ਚੀਂਪੂ ਦੇ। ਬਹਿਸ ਵਧਦੀ ਹੀ ਜਾ ਰਹੀ ਸੀ।

ਅਖ਼ੀਰ ਭੂਰੋ ਲੂੰਬੜੀ ਨੇ ਕਿਹਾ," ਇਸ ਮਸਲੇ ਦਾ ਹੱਲ ਐਦਾਂ ਨੀ ਹੋਣਾ। ਸਾਨੂੰ ਸਰਪੰਚ ਭੋਲੂ ਬਾਂਦਰ ਕੋਲ਼ ਜਾਣਾ ਚਾਹੀਦਾ ਹੈ। ਹੁਣ ਉਹ ਹੀ ਇਸ ਗੱਲ ਨੂੰ ਸੁਲਝਾ ਸਕਦਾ ਹੈ।

ਭੂਰੋ ਦੀ ਗੱਲ ਮੰਨ ਕੇ ਸਾਰੇ ਭੋਲੂ ਸਰਪੰਚ ਕੋਲ਼ ਪਹੁੰਚ ਗਏ। ਉਹ ਐਨਕਾਂ ਲਾ ਕੇ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਅੱਗੇ ਮੇਜ਼ ਲੱਗਿਆ ਹੋਇਆ ਸੀ ਜਿਸ 'ਤੇ ਸੁੰਦਰ ਕਢਾਈਦਾਰ ਕੱਪੜਾ ਵਿਛਿਆ ਹੋਇਆ ਸੀ। ਭੋਲੂ ਸਰਪੰਚ ਨੇ ਦੋਹਾਂ ਧਿਰਾਂ ਦੀ ਗੱਲ ਨੂੰ ਧਿਆਨ ਨਾਲ਼ ਸੁਣਿਆ। ਐਨਕ ਲਾਹ ਕੇ ਥੋੜ੍ਹੀ ਦੇਰ ਸੋਚਿਆ। ਫੇਰ ਬੋਲਿਆ,

"ਹੂੰ.....ਅ...ਅ... ਇਹ ਮਸਲਾ ਤਾਂ ਬਹੁਤ ਗੰਭੀਰ ਲੱਗ ਰਿਹਾ ਹੈ। ਤੁਸੀਂ ਦੋਵੇਂ ਆਪਣੀ-ਆਪਣੀ ਸ਼ਿਕਾਇਤ ਲਿਖ ਕੇ ਪੇਸ਼ ਕਰੋ। ਫੇਰ ਮੈਂ ਵਿਚਾਰ ਕਰਦਾ ਹਾਂ ਕਿ ਇਸ ਦਾ ਕੀ ਹੱਲ ਹੋਣਾ ਚਾਹੀਦਾ ਹੈ। ਚੱਲ ਬਈ ਚੀਂਪੂ ਪਹਿਲਾਂ ਤੂੰ ਮੇਜ਼ ਦੇ ਕੱਪੜੇ ਹੇਠੋਂ ਕਾਗ਼ਜ਼ ਕੱਢ ਅਤੇ ਆਪਣੀ ਸ਼ਿਕਾਇਤ ਲਿਖ।"

ਚੀਂਪੂ ਨੇ ਮੂੰਹ ਵਿੱਚ ਮਿੰਨਾ ਜਿਹਾ ਮੁਸਕਰਾਉਂਦਿਆਂ ਮੇਜ਼ ਦਾ ਕੱਪੜਾ ਚੁੱਕਿਆ ਅਤੇ ਹੈਰਾਨ ਹੋ ਕੇ ਬੋਲਿਆ, "ਜਨਾਬ ! ਐਥੇ ਤਾਂ 'ਕੁਛ ਨਹੀਂ' ਹੈ।"

"ਤਾਂ ਠੀਕ ਹੈ। ਚੁੱਕ ਆਪਣਾ 'ਕੁਛ ਨਹੀਂ' ਤੇ ਇੱਥੋਂ ਚੱਲਦਾ ਬਣ।", ਸਰਪੰਚ ਨੇ ਕਿਹਾ। ਇਹ ਗੱਲ ਸੁਣ ਕੇ ਸਾਰਿਆਂ 'ਚ ਹਾਸੜ ਮੱਚ ਗਈ ਅਤੇ ਚੀਂਪੂ ਸ਼ਰਮਿੰਦਾ ਜਿਹਾ ਹੋ ਕੇ ਉੱਥੋਂ ਖਿਸਕ ਗਿਆ।

ਰਜਵੰਤ ਕੌਰ ਢੋਲਣਮਾਜਰਾ
9914198516



ਐਤਵਾਰ ਦਾ ਦਿਨ

ਉੱਠ ਪੁੱਤ, ਉੱਠ ਪੁੱਤ ਮੰਮੀ ਵਾਜਾਂ ਮਾਰਦੀ,
ਬੈਠ ਕੇ ਸਿਰ੍ਹਾਣੇ ਵੱਲ ਚਾਹ ਰਹੇ ਠਾਰਦੀ।
ਪਰ ਯਾਰਾਂ ਦੇ ਤਾਂ ਵਾਰੇ ਹੀ ਨਿਆਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਘੋੜੇ ਵੇਚ ਰਾਤੀਂ ਯਾਰ ਸੁੱਤੇ ਹੁੰਦੇ ਨੇ,
ਨਿੱਕਰ ਬੁਨੈਣ ਕਿੱਥੇ ਜੁੱਤੇ ਹੁੰਦੇ ਨੇ।
ਟੇਢੇ-ਮੇਢੇ ਵਾਲ਼ ਵੀ ਖਿਲਾਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਸਵੇਰੇ ਜਲਦੀ ਨਾ ਸਾਨੂੰ ਉਠਾਇਓ ਮੰਮੀ ਜੀ,
ਸਾਡੀ ਨੀਂਦ ਵਿੱਚ ਖੱਲਰ ਨਾ ਪਾਇਓ ਮੰਮੀ ਜੀ।
ਮਸਾਂ ਛੁੱਟੀ ਵਾਲ਼ੇ ਬਲਖ ਬੁਖਾਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਦਿਨੇ ਆਲੂ ਵਾਲੇ ਪਰੌਂਠੇ ਪਕਾਇਓ ਮੰਮੀ ਜੀ,
ਸਾਨੂੰ ਮੱਖਣੀਂ ਤੇ ਦਹੀਂ ਨਾਲ਼ ਖਿਲਾਇਓ ਮੰਮੀ ਜੀ।
ਫ਼ੇਰ ਵੱਖਰੇ ਹੀ ਵੱਜਦੇ ਚਟਕਾਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਨ੍ਹਾਉਣ ਧੋਣ ਵੱਲ ਸਾਡਾ ਕੋਈ ਖ਼ਿਆਲ ਨ੍ਹੀਂ ਹੁੰਦਾ,
ਸਾਡੇ ਉੱਤੇ ਕੋਈ ਕਿਸੇ ਦਾ ਸਵਾਲ ਨ੍ਹੀਂ ਹੁੰਦਾ।
ਸਾਡੇ ਖ਼ੁਸ਼ੀਆਂ 'ਚ ਵੱਜਦੇ ਫੁਕਾਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਕਹਿੰਦਾ "ਲੰਗੇਆਣਾ" ਸਾਨੂੰ ਬੜਾ ਹੁੰਦਾ ਚਾਅ ਮਿੱਤਰੋ,
ਲਈਏ ਮਨ ਮਰਜ਼ੀਆਂ ਮਨਾਂ ਦੀਆਂ ਪੁਗਾਅ ਮਿੱਤਰੋ।
ਬੱਚੇ ਮਾਪਿਆਂ ਦੀਆਂ ਅੱਖੀਆਂ ਦੇ ਤਾਰੇ ਹੁੰਦੇ ਨੇ,
ਦਿਨ ਐਤਵਾਰ ਵੱਖਰੇ ਨਜ਼ਾਰੇ ਹੁੰਦੇ ਨੇ।

ਡਾ ਸਾਧੂ ਰਾਮ ਲੰਗੇਆਣਾ
9878117285

ਸ਼ ਖ਼ ਗ਼ ਜ਼ ਫ਼ ਲ਼



ਸਟੇਜ ਦਾ ਡਰ

ਜਸ਼ਨਦੀਪ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ। ਉਹ ਲਿਖਦਾ ਬਹੁਤ ਸੁੰਦਰ ਸੀ ਪਰ ਜਦੋਂ ਵੀ ਸਟੇਜ 'ਤੇ ਜਾਣਾ ਹੁੰਦਾ, ਉਹ ਬਹੁਤ ਘਬਰਾ ਜਾਂਦਾ ਸੀ। ਉਸ ਦੇ ਸਕੂਲ ਦੇ ਸਲਾਨਾ ਸਮਾਗਮ ਵਿੱਚ ਇੱਕ ਵੱਡਾ ਭਾਸ਼ਣ-ਮੁਕਾਬਲਾ ਕਰਵਾਇਆ ਜਾ ਰਿਹਾ ਸੀ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਹਿਰ ਦੇ ਵੱਡੇ ਅਫ਼ਸਰ ਸਾਹਿਬ ਆ ਰਹੇ ਸਨ। ਅਧਿਆਪਕ ਦੇ ਬਹੁਤ ਕਹਿਣ 'ਤੇ ਜਸ਼ਨਦੀਪ ਨੇ ਮੁਕਾਬਲੇ ਵਿੱਚ ਆਪਣਾ ਨਾਮ ਤਾਂ ਲਿਖਵਾ ਲਿਆ ਪਰ ਸਮਾਗਮ ਵਾਲ਼ੇ ਦਿਨ ਡਰ ਕਾਰਨ ਉਸ ਦੇ ਹੱਥ -ਪੈਰ ਕੰਬ ਰਹੇ ਸਨ। ਉਸ ਦੇ ਦਾਦਾ ਜੀ ਨੇ ਉਸ ਦੀ ਇਹ ਚਿੰਤਾ ਦੇਖੀ। ਉਹਨਾਂ ਨੇ ਜਸ਼ਨਦੀਪ ਦੇ ਸਕੂਲ ਵਾਲ਼ੇ ਕੁੜਤੇ ਦੀ ਜੇਬ ਵਿੱਚ ਇੱਕ ਛੋਟਾ ਜਿਹਾ ਸੁਨਹਿਰੀ ਕਾਰਡ ਰੱਖਿਆ। ਉਸ ਕਾਰਡ'ਤੇ ਤਿੰਨ ਮੰਤਰ ਲਿਖੇ ਸਨ..... ਸਚਾਈ, ਸੱਚੇ ਰਹਿਣਾ ਅਤੇ ਪਰਮਾਤਮਾ 'ਤੇ ਭਰੋਸਾ। ਦਾਦਾ ਜੀ ਨੇ ਕਿਹਾ ਪੁੱਤਰ, ਜਦੋਂ ਵੀ ਮੰਚ 'ਤੇ ਜਾ ਕੇ ਤੇਰੀ ਜ਼ੁਬਾਨ ਰੁਕਣ ਲੱਗੀ, ਬੱਸ ਆਪਣੀ ਜੇਬ ਵਿੱਚ ਪਏ ਇਸ ਕਾਰਡ ਨੂੰ ਵੇਖ ਲਈਂ।" ਮੁਕਾਬਲਾ ਸ਼ੁਰੂ ਹੋਇਆ। ਜਸ਼ਨਦੀਪ ਤੋਂ ਪਹਿਲਾਂ ਜਿਸ ਲੜਕੇ ਨੇ ਭਾਸ਼ਣ ਦਿੱਤਾ, ਉਸ ਨੇ ਬਹੁਤ ਵਧੀਆ ਬੋਲਿਆ। ਸਾਰੇ ਬੱਚੇ ਖ਼ੁਸ਼ੀ ਵਿੱਚ ਤਾਲ਼ੀਆਂ ਵਜਾ ਰਹੇ ਸਨ ਪਰ ਜਸ਼ਨਦੀਪ ਨੇ ਧਿਆਨ ਨਾਲ਼ ਦੇਖਿਆ ਕਿ ਉਸ ਲੜਕੇ ਨੇ ਆਪਣੀ ਜੇਬ ਵਿੱਚ ਇੱਕ ਪਰਚੀ ਰੱਖੀ ਹੋਈ ਸੀ,

ਜਿਸ ਵਿੱਚੋਂ ਉਹ ਲੁਕ-ਛਿਪ ਕੇ ਦੇਖ ਰਿਹਾ ਸੀ, ਜਦੋਂ ਕਿ ਮੁਕਾਬਲੇ ਦੇ ਨਿਯਮਾਂ ਮੁਤਾਬਕ ਪਰਚੀ ਦੇਖਣਾ ਬਿਲਕੁਲ ਮਨ੍ਹਾ ਸੀ। ਉਸ ਲੜਕੇ ਨੇ ਮੰਚ ਤੋਂ ਉੱਤਰ ਕੇ ਜਸ਼ਨਦੀਪ ਨੂੰ ਹੌਲ਼ੀ ਜਿਹੇ ਕਿਹਾ, 'ਜਸ਼ਨ' ਜੇ ਤੂੰ ਜਿੱਤਣਾ ਚਾਹੁੰਦਾ ਹੈ ਤਾਂ ਇਹ ਨਕਲ ਵਾਲ਼ੀ ਪਰਚੀ ਤੂੰ ਵੀ ਰੱਖ ਲੈ। ਜੱਜ ਬਹੁਤ ਦੂਰ ਬੈਠੇ ਹਨ, ਕਿਸੇ ਨੂੰ ਪਤਾ ਨਹੀਂ ਲੱਗੇਗਾ। ਜਸ਼ਨਦੀਪ ਦਾ ਮਨ ਇੱਕ ਪਲ ਲਈ ਡੋਲ ਗਿਆ ਕਿਉਂਕਿ ਡਰ ਦੇ ਮਾਰੇ ਉਹ ਆਪਣੇ ਭਾਸ਼ਣ ਦੀਆਂ ਲਾਈਨਾਂ ਭੁੱਲ ਰਿਹਾ ਸੀ। ਉਸੇ ਵੇਲ਼ੇ ਉਸ ਦਾ ਹੱਥ ਜੇਬ ਵਿੱਚ ਪਏ ਦਾਦਾ ਜੀ ਦੇ ਕਾਰਡ 'ਤੇ ਗਿਆ। ਉਸ ਨੂੰ ਪਹਿਲੇ ਦੇ ਸ਼ਬਦ ਯਾਦ ਆਏ-ਸਚਾਈ ਅਤੇ ਸੱਚੇ ਰਹਿਣਾ। ਉਸ ਦੇ ਮਨ ਨੇ ਕਿਹਾ, "ਜੇ ਮੈਂ ਦੇਖ ਕੇ ਬੋਲਿਆ ਤਾਂ ਇਹ ਧੋਖਾ ਹੋਵੇਗਾ। ਮੈਂ ਝੂਠ ਦਾ ਸਹਾਰਾ ਲੈ ਕੇ ਜਿੱਤਣ ਨਾਲੋਂ ਇਮਾਨਦਾਰੀ ਨਾਲ਼ ਹਾਰਨਾ ਪਸੰਦ ਕਰਾਂਗਾ।"ਉਸ ਨੇ ਨਕਲ ਵਾਲ਼ੀ ਪਰਚੀ ਲੈਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ। ਹੁਣ ਮਾਈਕ 'ਤੇ ਜਸ਼ਨਦੀਪ ਦਾ ਨਾਮ ਬੋਲਿਆ ਗਿਆ। ਜਿਵੇਂ ਹੀ ਉਹ ਮੰਚ 'ਤੇ ਪਹੁੰਚਿਆ, ਸਾਮ੍ਹਣੇ ਹਜ਼ਾਰਾਂ ਲੋਕਾਂ ਦੀ ਭੀੜ ਦੇਖ ਕੇ ਉਸ ਦਾ ਦਿਮਾਗ਼ ਸੁੰਨ ਹੋ ਗਿਆ। ਉਹ ਭਾਸ਼ਣ ਦੀਆਂ ਪਹਿਲੀਆਂ ਦੋ ਲਾਈਨਾਂ ਬੋਲ ਕੇ ਰੁਕ ਗਿਆ। ਪੂਰੇ ਹਾਲ ਵਿੱਚ ਇੱਕਦਮ ਚੁੱਪ ਛਾ ਗਈ। ਜਸ਼ਨਦੀਪ ਨੇ ਆਪਣੀਆ ਅੱਖਾਂ ਬੰਦ ਕੀਤੀਆਂ, ਜੇਬ ਵਿੱਚ ਪਏ ਤੀਜੇ ਸ਼ਬਦ .... ਪਰਮਾਤਮਾ 'ਤੇ ਭਰੋਸਾ ਨੂੰ ਯਾਦ ਕੀਤਾ ਅਤੇ ਮਨ ਵਿੱਚ ਅਰਦਾਸ ਕੀਤੀ, ਹੇ ਸੱਚੇ ਪਾਤਸ਼ਾਹ , ਮੈਂ ਸੱਚ ਦਾ ਸਾਥ ਦਿੱਤਾ ਹੈ। ਮੈਨੂੰ ਹਿੰਮਤ ਬਖ਼ਸ਼ੋ ਅਤੇ ਮੇਰਾ ਡਰ ਦੂਰ ਕਰੋ ਰੱਬ 'ਤੇ ਭਰੋਸਾ ਰੱਖਦਿਆ ਹੀ ਉਸ ਦੇ ਅੰਦਰ ਇੱਕ ਅਜੀਬ ਜਿਹੀ ਸ਼ਕਤੀ ਆ ਗਈ। ਉਸ ਦਾ ਡਰ ਇਕਦਮ ਗਾਇਬ ਹੋ ਗਿਆ । ਉਸ ਨੇ ਅੱਖਾਂ ਖੋਲ੍ਹੀਆਂ ਅਤੇ ਬਿਨਾਂ ਕਿਸੇ ਪਰਚੀ ਦੇ, ਆਪਣੇ ਦਿਲ ਤੋਂ ਅਜਿਹਾ ਸ਼ਾਨਦਾਰ ਅਤੇ ਸੱਚਾ ਭਾਸ਼ਣ ਦਿੱਤਾ ਕਿ ਪੂਰਾ ਹਾਲ ਤਾਲ਼ੀਆਂ ਦੀ ਗੂੰਜ ਨਾਲ਼ ਗੂੰਜ ਉਠਿਆ। ਮੁੱਖ ਅਫ਼ਸਰ ਸਾਹਿਬ ਖ਼ੁਦ ਆਪਣੀ ਕੁਰਸੀ ਤੋਂ ਖੜ੍ਹੇ ਹੋ ਗਏ। ਜਦੋਂ ਨਤੀਜਾ ਆਇਆ ਤਾਂ ਜਸ਼ਨਦੀਪ ਨੂੰ ਪਹਿਲਾ ਇਨਾਮ ਮਿਲ਼ਿਆ। ਜੱਜਾਂ ਨੇ ਕਿਹਾ,ਬੇਸ਼ੱਕ ਜਸ਼ਨ ਦਾ ਭਾਸ਼ਣ "ਬਾਕੀ ਬੱਚਿਆਂ ਦੇ ਭਾਸ਼ਣ

ਤੋਂ ਛੋਟਾ ਸੀ ਪਰ ਜਸ਼ਨਦੀਪ ਦੇ ਬੋਲਾਂ ਵਿੱਚ ਸਚਾਈ ਸੀ। ਉਹ ਮੰਚ 'ਤੇ ਬਿਲਕੁਲ ਸੱਚਾ (True) ਦਿਖ ਰਿਹਾ ਸੀ, ਜਿਸ ਨੇ ਬਿਨਾਂ ਕਿਸੇ ਸਹਾਰੇ ਦੇ ਆਪਣੀ ਗੱਲ ਕਹੀ। ਜਸ਼ਨਦੀਪ ਨੇ ਟ੍ਰਾਫ਼ੀ ਹੱਥ ਵਿੱਚ ਫੜੀ ਅਤੇ ਮੁਸਕੁਰਾਉਂਦੇ ਹੋਏ ਆਪਣੀ ਜੇਬ ਵਿੱਚ ਪਏ ਤਿੰਨ ਜਾਦੂਈ ਸ਼ਬਦਾਂ ਦਾ ਸ਼ੁਕਰਾਨਾ ਕੀਤਾ।

ਸਿੱਖਿਆ: ਜਦੋਂ ਅਸੀਂ ਕੋਈ ਗ਼ਲਤ ਕੰਮ ਨਹੀਂ ਕਰਦੇ, ਤਾਂ ਸਾਡਾ ਆਤਮ-ਵਿਸ਼ਵਾਸ ਵਧਦਾ ਹੈ। ਜ਼ਿੰਦਗੀ ਦੇ ਹਰ ਮੋੜ 'ਤੇ ਸਚਾਈ ਦਾ ਸਾਥ ਦਿਓ, ਆਪਣੇ-ਆਪ ਪ੍ਰਤਿ ਸੱਚੇ ਰਹੋ ਅਤੇ ਜਦੋਂ ਵੀ ਮੁਸ਼ਕਲ ਆਵੇ ਤਾਂ ਪਰਮਾਤਮਾ 'ਤੇ ਭਰੋਸਾ ਰੱਖੋ ! ਰੱਬ ਹਮੇਸ਼ਾਂ ਤੁਹਾਡਾ ਹੱਥ ਫੜ ਕੇ ਤੁਹਾਨੂੰ ਕਾਮਯਾਬ ਕਰੇਗਾ।

ਡਾ. ਰਾਜਵੀਰ ਕੌਰ
9876901964

ਕਵਿਤਾ

ਸਕੂਲ ਮੇਰਾ ਪਿਆਰਾ

ਵਿੱਦਿਆ ਦਾ ਮੰਦਰ ਹੈ, ਸਕੂਲ ਮੇਰਾ ਪਿਆਰਾ ।
ਇੱਥੇ ਜਦੋਂ ਹੋਈਏ, ਆਉਂਦਾ ਵੱਖਰਾ ਨਜ਼ਾਰਾ ।
ਵਿੱਦਿਆ ਦਾ ਮੰਦਰ ਹੈ, ਸਕੂਲ ਮੇਰਾ ਪਿਆਰਾ ।
ਦੋ ਮੰਜਲਾਂ ਇਮਾਰਤ ਇਹਦੀ, ਸੋਹਣੀ ਬੜੀ ਲੱਗਦੀ ।
ਫੁੱਲਾਂ ਨਾਲ਼ ਭਰੀ ਬਗ਼ੀਚੀ, ਇਹਦੇ ਵਿੱਚ ਫੱਬਦੀ ।
ਕੁਦਰਤ ਦੀਆਂ ਇਹਦੇ ਅੰਦਰ, ਮੌਜਾਂ ਤੇ ਬਹਾਰਾਂ ।
ਵਿੱਦਿਆ ਦਾ ਮੰਦਰ ਹੈ, ਸਕੂਲ ਮੇਰਾ ਪਿਆਰਾ ।
ਵਿੱਚੋ-ਵਿੱਚੀ ਸ਼ਹਿਰ ਇਹਨੂੰ, ਗਿਆ ਹੈ ਬਣਾਇਆ ਜੀ ।
ਉੱਤਮ ਸੱਭੇ ਸਕੂਲਾਂ ਵਿੱਚ, ਨਾਮ ਇਹਨੇ ਪਾਇਆ ਜੀ ।
ਮਾਣ ਕਰੇ ਇਹਦੇ ਉੱਤੇ, ਜਲੰਧਰ ਸ਼ਹਿਰ ਸਾਰਾ ।
ਵਿੱਦਿਆ ਦਾ ਮੰਦਰ ਹੈ, ਸਕੂਲ ਮੇਰਾ ਪਿਆਰਾ ।
ਪੜ੍ਹਾਈ ਵਿੱਚ ਬੱਚੇ ਇਹਦੇ, ਝੰਡੀਆਂ ਨੇ ਗੱਡਦੇ ।
ਖੇਡਾਂ ਵਿੱਚ ਮਾਰ ਮੱਲਾਂ, ਪਿੱਛੇ ਸਭਨਾਂ ਨੂੰ ਛੱਡਦੇ ।
ਚਾਰੇ ਪਾਸੇ ਰਹਿੰਦਾ ਇਹਦੇ, ਖ਼ੁਸ਼ੀਆਂ ਦਾ ਪਸਾਰਾ ।
ਵਿੱਦਿਆ ਦਾ ਮੰਦਰ ਹੈ, ਸਕੂਲ ਮੇਰਾ ਪਿਆਰਾ ।

ਰਾਜੇਸ਼ ਕੁਮਾਰ



ਗੋਲ਼-ਗੱਪਿਆਂ ਦੀ ਰੇੜ੍ਹੀ

ਗਰਮੀਆਂ ਦੇ ਦਿਨ ਸਨ। ਨੀਰਜ ਦੇ ਘਰ ਤੋਂ ਥੋੜ੍ਹੀ ਹੀ ਅੱਗੇ ਜਾ ਕੇ ਇੱਕ ਗੋਲ਼-ਗੱਪਿਆਂ ਦੀ ਰੇੜ੍ਹੀ ਲੱਗਦੀ ਸੀ। ਸਾਰੇ ਮੁਹੱਲੇ ਵਾਲ਼ੇ ਉਸ ਕੋਲ਼ੋਂ ਹੀ ਗੋਲ਼-ਗੱਪੇ ਖਾਂਦੇ। ਇੱਕ ਦਿਨ ਸ਼ਾਮ ਹੋਣ 'ਤੇ ਨੀਰਜ ਦਾ ਵੀ ਮਨ ਕੀਤਾ ਕਿ ਉਹ ਗੋਲ਼-ਗੱਪੇ ਖਾਵੇ। ਗੋਲ਼-ਗੱਪੇ ਦਾ ਹੋਕਾ ਸੁਣ ਉਸ ਦੇ ਮੂੰਹ ਵਿੱਚ ਪਾਣੀ ਆ ਗਿਆ। ਉਹ ਬਟੂਏ ਵਿੱਚੋਂ ਪੈਸੇ ਕੱਢ ਕੇ ਜਲਦੀ ਹੀ ਚੱਪਲਾਂ ਪਾ ਕੇ ਬਾਹਰ ਵੱਲ ਭੱਜਿਆ ਤਾਂ ਉਸ ਨੇ ਦੇਖਿਆ ਕਿ ਗੋਲ਼-ਗੱਪਿਆਂ ਦੀ ਰੇੜ੍ਹੀ 'ਤੇ ਪਹਿਲਾਂ ਹੀ ਭੀੜ ਬਹੁਤ ਸੀ। ਵਧਦੀ ਭੀੜ ਨੂੰ ਵੇਖ ਕੇ ਨੀਰਜ ਕਾਹਲ਼ੇ-ਕਾਹਲ਼ੇ ਪੈਰਾਂ ਨਾਲ਼ ਉਸ ਰੇੜ੍ਹੀ ਵੱਲ ਵਧ ਰਿਹਾ ਸੀ। ਜਦੋਂ ਉਹ ਰੇੜ੍ਹੀ ਕੋਲ਼ ਪਹੁੰਚਿਆ ਤਾਂ ਰੇੜ੍ਹੀ 'ਤੇ ਕਾਫ਼ੀ ਸਾਰੀਆਂ ਔਰਤਾਂ, ਬੱਚੇ ਤੇ ਜਵਾਨ ਬੰਦੇ ਗੋਲ਼-ਗੱਪੇ ਖਾ ਰਹੇ ਸਨ। ਤੁਰੰਤ ਉਸ ਨੇ ਵੀ ਜਾ ਕੇ ਗੋਲ਼-ਗੱਪਿਆਂ ਵਾਲ਼ੇ ਭਾਈ ਨੂੰ ਆਡਰ ਦਿੱਤਾ। ਭਾਈ ਨੇ ਨੀਰਜ ਨੂੰ ਥੋੜ੍ਹਾ ਇੰਤਜ਼ਾਰ ਕਰਨ ਲਈ ਕਿਹਾ। ਪਰ ਨੀਰਜ ਗੋਲ਼-ਗੱਪੇ ਖਾਣ ਲਈ ਬਹੁਤ ਕਾਹਲਾ ਸੀ। ਅਚਾਨਕ ਇੱਕ ਔਰਤ ਕੋਲ਼ੋਂ ਲੰਘ ਰਹੀ ਸੀ, ਜਿਸ ਨੇ ਅੱਠ ਕੁ ਸਾਲ ਦੇ ਮੁੰਡੇ ਦਾ ਹੱਥ ਫੜਿਆ ਹੋਇਆ ਸੀ। ਉਹ ਮੁੰਡਾ ਗੋਲ਼-ਗੱਪੇ ਦੀ ਰੇੜ੍ਹੀ ਵੇਖ ਕੇ ਉਥੇ ਹੀ ਖੜ੍ਹ ਗਿਆ ਤਾਂ ਉਹ ਔਰਤ ਉਸ ਨੂੰ ਝਿੜਕਣ ਲੱਗੀ ਤੇ ਬਾਂਹ ਤੋਂ ਫੜ ਕੇ ਖਿੱਚਣ ਲੱਗੀ। ਤਦ ਹੀ ਨੀਰਜ ਬੋਲਿਆ, 'ਭੈਣ ਜੀ, ਬੱਚਾ ਜ਼ਿੱਦ ਕਰ ਰਿਹਾ ਹੈ ਤਾਂ ਖੁਆ ਹੀ ਦੇਵੋ।" ਤਾਂ ਉਹ ਔਰਤ ਨੀਰਜ ਵੱਲ ਵੇਖਦੀ ਹੋਈ ਬੋਲੀ, "ਨਹੀਂ ਭਾਈ ਸਾਹਬ, ਕੱਲ੍ਹ ਹੀ ਇਸ ਨੂੰ ਗੋਲ਼-ਗੱਪੇ ਖਆਏ

ਸੀ ਪਰ ਰਾਤ ਤੋਂ ਹੀ ਇਸ ਦਾ ਪੇਟ ਖ਼ਰਾਬ ਹੈ ਤੇ ਦੁਖ ਵੀ ਰਿਹਾ ਹੈ। ਡਾਕਟਰ ਨੇ ਇਸ ਨੂੰ ਇਹ ਖਾਣ ਤੋਂ ਮਨ੍ਹਾ ਕੀਤੇ ਨੇ। ਇਹ ਕਹਿ ਕੇ ਉਹ ਬੱਚੇ ਨੂੰ ਖਿੱਚ ਕੇ ਲੈ ਗਈ। ਇਹ ਵੇਖਦਿਆਂ ਹੀ ਨੀਰਜ ਨੇ ਰੇੜ੍ਹੀ ਵੱਲ ਨਿਗ੍ਹਾ ਘੁਮਾਈ। ਉਹ ਗੋਲ਼-ਗੱਪੇ ਖਾਣ ਲਈ ਬਹੁਤ ਬੇਸਬਰੀ ਨਾਲ਼ ਇੰਤਜ਼ਾਰ ਕਰ ਰਿਹਾ ਸੀ ਕਿ ਕਦ ਉਸ ਦੀ ਵਾਰੀ ਆਵੇ। ਉਹ ਪੈਰ ਖਿਸਕਾਉਂਦਾ-ਖਿਸਕਾਉਂਦਾ ਰੇੜ੍ਹੀ ਦੇ ਪਿਛਲੇ ਪਾਸੇ ਮੁੜ ਗਿਆ, ਜਿੱਥੇ ਭਾਈ ਖੜ੍ਹ ਕੇ ਗੋਲ਼-ਗੱਪੇ ਤਿਆਰ ਕਰ ਰਿਹਾ ਸੀ। ਨੀਰਜ ਨੇ ਵੇਖਿਆ, ਉਸ ਜਗ੍ਹਾ 'ਤੇ ਬਹੁਤ ਸਾਰਾ ਚਿੱਕੜ ਹੋਇਆ ਪਿਆ ਸੀ। ਉਹ ਰੇੜ੍ਹੀ ਵਾਲ਼ਾ ਭਾਈ ਜੂਠੀਆਂ ਪਲੇਟਾਂ ਹੇਠਾਂ ਚਿੱਕੜ ਵਿੱਚ ਹੀ ਸੁੱਟੀ ਜਾ ਰਿਹਾ ਸੀ ਤੇ ਨੇੜੇ ਹੀ ਉਸ ਨੇ ਇੱਕ ਬਹੁਤ ਵੱਡਾ ਗੰਦੇ ਜਿਹੇ ਪਾਣੀ ਦਾ ਟੱਬ ਭਰਿਆ ਹੋਇਆ ਸੀ, ਜਿਸ ਵਿੱਚ ਉਹ ਭਾਂਡੇ ਧੋ ਰਿਹਾ ਸੀ ਤੇ ਗੋਲ਼-ਗੱਪਿਆਂ ਵਾਲ਼ਾ ਪਾਣੀ ਮੁੱਕਣ 'ਤੇ ਫਿਰ ਉਹ ਉਸੇ ਟੱਬ ਵਿੱਚੋਂ ਹੀ ਡੱਬਾ ਭਰ ਕੇ ਮਸਾਲੇ ਵਾਲ਼ੇ ਪਾਣੀ ਵਿੱਚ ਪਾਉਣ ਲੱਗਾ ਤਾਂ ਝੱਟ ਹੀ ਨੀਰਜ ਨੇ ਉਸ ਦੀ ਬਾਂਹ ਫੜ ਲਈ ਤੇ ਕਿਹਾ, "ਇਹ ਕੀ ਕਰ ਰਹੇ ਹੋ ? ਗੰਦਾ ਪਾਣੀ ਦੁਬਾਰਾ ਗੋਲ਼-ਗੱਪਿਆਂ ਵਿੱਚ ਭਰ ਕੇ ਲੋਕਾਂ ਨੂੰ ਵਰਤਾ ਰਹੇ ਹੋ। ਤੁਹਾਡੀ ਇਹ ਰੇੜ੍ਹੀ ਲੋਕਾਂ ਨੂੰ ਸੱਚੀਂ ਬਿਮਾਰ ਕਰਨ ਲਈ ਸੱਦ ਰਹੀ ਹੈ।" ਉਹ ਭਾਈ ਨੀਰਜ ਦੇ ਮੂੰਹ ਵੱਲ ਵੇਖਦਾ ਰਿਹਾ। ਨੀਰਜ ਨੇ ਉਸ ਦੀ ਰੇੜ੍ਹੀ 'ਤੇ ਗੋਲ਼-ਗੱਪੇ ਖਾ ਰਹੇ ਬੱਚਿਆਂ ਤੇ ਔਰਤਾਂ ਵੱਲ ਇਸ਼ਾਰਾ ਕਰ ਕੇ ਕਿਹਾ, "ਜਾਂ ਤਾਂ ਇਹ ਲੋਕ ਅੰਨ੍ਹੇ ਨੇ ਜਾਂ ਤੇਰੇ ਵਰਗੇ ਲੋਕ ਅੰਨ੍ਹੇ ਨੇ, ਜੋ ਤੁਸੀਂ ਇਸ ਤਰ੍ਹਾਂ ਗੰਦਗੀ ਹੋਣ 'ਤੇ ਵੀ ਲੋਕਾਂ ਨਾਲ਼ ਇਹੋ-ਜਿਹੀ ਮਿਲ਼ਾਵਟ ਕਰ ਰਹੇ ਹੋ, ਜਿਸ ਨਾਲ਼ ਉਹਨਾਂ ਦੀ ਜਾਨ ਨੂੰ ਵੀ ਖ਼ਤਰਾ ਹੈ।" ਇਹ ਸੁਣ ਕੇ ਉਹ ਭਾਈ ਸ਼ਰਮਿੰਦਾ ਜਿਹਾ ਹੋ ਗਿਆ ਤੇ ਫਿਰ ਉਸ ਨੇ ਨੀਰਜ ਤੋਂ ਮਾਫ਼ੀ ਮੰਗੀ। ਨੀਰਜ ਨੇ ਉਸ ਨੂੰ ਕਿਹਾ, "ਭਾਈ ਹੱਥ ਬੰਨ੍ਹ ਕੇ ਬੇਨਤੀ ਹੈ, ਐਦਾਂ ਮਾੜੇ ਕੰਮ ਨਾ ਕਰੋ। ਜੋ ਸਭ ਦਾ ਭਲਾ ਹੈ ਤਾਂ ਹੀ ਸਾਡਾ ਭਲਾ ਹੈ। ਆਪਣੇ ਬੱਚਿਆਂ ਦਾ ਪੇਟ ਪਾਲਣ ਲਈ ਤੂੰ ਦੂਜਿਆਂ ਦੇ ਬੱਚਿਆਂ ਨੂੰ ਬਿਮਾਰ ਨਾ ਕਰ।" ਇਹ ਕਹਿ ਕੇ ਨੀਰਜ ਉੱਥੋਂ ਚਲਾ ਗਿਆ ਤੇ ਉਸ ਨੇ ਉਹ ਗੋਲ਼-ਗੱਪੇ ਨਹੀਂ ਖਾਧੇ।

ਰਜਨੀ ਰਾਣੀ



ਖੋਏ-ਮਲ਼ਾਈ ਦੀਆਂ ਬਾਤਾਂ

ਬਰਫ਼ ਲੈ ਲਓ ਖੋਏ-ਮਲ਼ਾਈ।
ਸਾਡੀ ਗਲ਼ੀ ਸੀ ਆਉਂਦਾ ਭਾਈ।
ਗਰਮ ਕੱਪੜੇ ਵਿੱਚ ਲਪੇਟੀ।
ਪਿਓਰ ਦੁੱਧ ਦੀ, ਰੰਗ ਸਲੇਟੀ।

ਜਦ ਸੀ ਉਹ ਹੋਕਾ ਲਾਉਂਦਾ।
ਬੰਟੀ,ਜੀਵਨ ਭੱਜਿਆ ਆਉਂਦਾ।
ਮੋਢਿਆਂ ਉੱਤੋਂ ਬਕਸਾ ਲਾਹ ਕੇ।
ਬਹਿ ਜਾਂਦਾ ਸੀ ਪੀੜ੍ਹੀ ਡਾਹ ਕੇ।

ਕਰਦ ਨਾਲ ਸੀ ਟੁਕੜੇ ਕਰਦਾ।
ਕੱਟ-ਕੱਟ ਕਾਗ਼ਜ਼ ਉੱਤੇ ਧਰਦਾ।
ਅਸੀਂ ਜਦ ਝੂੰਗਾ ਮੰਗ ਲੈਂਦੇ।
ਉਲਟਾ ਹੱਥ ਕਰ ਕੋਲ਼ੇ ਬਹਿੰਦੇ।

ਨਾਲ਼ ਜੀਭ ਦੇ ਸੀ ਚੱਟੀ ਜਾਂਦੇ।
ਬੜੇ ਸਵਾਦਾਂ ਨਾਲ਼ ਸੀ ਖਾਂਦੇ।
ਮਿੰਟੋ-ਮਿੰਟੀ ਲੈ ਜਾਦੇ ਸਾਰੇ।
ਬਚਪਨ ਦੇ ਦਿਨ ਕਿੰਨੇ ਪਿਆਰੇ।

ਅੱਜ ਉਹ ਭਾਈ ਆਉਣੋ ਹਟ ਗਏ।
ਅੱਗੇ ਨਾਲੋਂ ਬਹੁਤੇ ਘੱਟ ਗਏ।
ਉਹ ਦਿਨ ਹੁਣ ਮੁੜ ਨੀਂ ਆਉਂਦੇ
'ਪੱਤੋ' ਵਰਗੇ ਅੱਜ ਬਾਤਾਂ ਪਾਉਂਦੇ।

ਹਰਪ੍ਰੀਤ ਪੱਤੋ
94658-21417

ਸਕੂਲ

ਆਓ, ਸਕੂਲ ਨੂੰ ਸੁੰਦਰ
ਬਣਾਈਏ,
ਇਸ ਦੇ ਹਰ ਕੋਨੇ ਨੂੰ ਮਹਿਕਾਈਏ।

ਰੁੱਖ ਲਗਾ ਕੇ ਉਹਨਾਂ ਨੂੰ ਵਧਾਉਣਾ,
ਹਰ ਰੋਜ਼ ਉਹਨਾਂ ਵਿੱਚ ਪਾਣੀ ਪਾਉਣਾ।

ਸਕੂਲ ਦੀਆਂ ਕੰਧਾਂ 'ਤੇ ਕੁਝ ਨਹੀਂ ਲਿਖਣਾ,
ਫਿਰ ਸਾਡਾ ਸਕੂਲ ਸੋਹਣਾ ਦਿਸਣਾ।

ਪਾਰਕ ਨੂੰ ਵੀ ਸੋਹਣਾ ਬਣਾਵਾਂਗੇ,
ਸੋਹਣੇ-ਸੋਹਣੇ ਫੁੱਲਾਂ ਨਾਲ ਸਜਾਵਾਂਗੇ।

ਅਧਿਆਪਕਾਂ ਦਾ ਸਾਥ ਨਿਭਾਉਣਾ ਹੈ,
ਸਕੂਲ ਨੂੰ ਸਾਫ਼-ਸੁਥਰਾ ਬਣਾਉਣਾ ਹੈ।

ਅਮਨਦੀਪ ਕੌਰ ਸੋਣੀ

ਸਹੇਲੀ

ਮੇਰੀ ਸਹੇਲੀ ਜੱਗ ਤੋਂ ਨਿਆਰੀ,
ਲੱਗਦੀ ਮੈਨੂੰ ਜਾਨ ਤੋਂ ਪਿਆਰੀ।

ਕਿਸੇ ਜਨਮ ਉਹ ਬਣੀ ਸਹੇਲੀ,
ਕਿਸੇ ਜਨਮ ਉਹ ਮਾਂ ਮੇਰੀ।

ਪੜ੍ਹਦੀ ਉਹ ਨਾਲ ਧਿਆਨ,
ਅਧਿਆਪਕ ਕਰਦੇ ਉਹਦਾ ਸਨਮਾਨ।

ਲੱਗਦੀ ਉਹ ਜਿਵੇਂ ਚਮਕ ਦਾ ਚੰਦ,
ਮੈਨੂੰ ਹੈ ਉਹ ਬੜੀ ਪਸੰਦ।

ਕਰਦੀ ਵੱਡਿਆਂ ਦਾ ਸਨਮਾਨ,
ਮੈਨੂੰ ਮੇਰੀ ਸਹੇਲੀ 'ਤੇ ਮਾਣ।

ਕਮਲਵੀਰ ਕੌਰ





ਡੈਡੀ ਠੀਕ ਕਹਿੰਦੇ ਸੀ

ਇੱਕ ਜੰਗਲ਼ ਵਿੱਚ ਸਾਰੇ ਜਾਨਵਰ ਬਹੁਤ ਪਿਆਰ ਨਾਲ਼ ਰਹਿੰਦੇ ਸਨ। ਉਹ ਆਪਣੀ ਕਿਰਤ ਕਰਦੇ ਤੇ ਆਪਣੀ-ਆਪਣੀ ਖਾਂਦੇ ਸਨ। ਆਪਸੀ ਸਾਂਝ ਸੀ। ਉੱਥੇ ਹੀ ਇੱਕ ਮਹੱਲੇ ਵਿੱਚ ਕੁੱਤੇ ਰਹਿੰਦੇ ਸਨ, ਜਿੱਥੋਂ ਦੀ ਇਹ ਕਹਾਣੀ ਹੈ।

ਟੈਮੀ ਕੰਮ ਤੋਂ ਆ ਕੇ ਅਜੇ ਬੈਠਿਆ ਹੀ ਸੀ ਕਿ ਉਸ ਦਾ ਜਵਾਨ ਹੋ ਰਿਹਾ ਕਤੂਰਾ ਜੈਕੀ ਪੁੱਤਰ ਪੂਛ ਹਿਲਾਉਂਦਾ ਕੋਲ਼ ਆ ਕੇ ਬੈਠ ਗਿਆ। ਥੋੜ੍ਹੀ ਦੇਰ ਏਧਰ-ਉੱਧਰ ਦੀਆਂ ਗੱਲਾਂ ਮਾਰਨ ਤੋਂ ਬਾਅਦ ਜੈਕੀ ਕਹਿਣ ਲੱਗਾ, "ਡੈਡੀ, ਮੈਨੂੰ ਸਕੂਟਰ ਚਲਾਉਣਾ ਸਿਖਾ ਦਿਓ।"

"ਨਹੀਂ ਪੁੱਤ, ਤੂੰ ਅਜੇ ਛੋਟਾ ਐਂ ।" ਟੈਮੀ ਨੇ ਪਿਆਰ ਨਾਲ਼ ਕਿਹਾ।

"ਡੈਡੀ ਫ਼ਲੇਮ ਵੀ ਤਾਂ ਮੇਰਾ ਹਾਣੀ ਐ, ਮੇਰੇ ਨਾਲ਼ ਪੜ੍ਹਦਾ, ਉਹ ਤਾਂ ਸਕੂਟਰ ਭਜਾਈ ਫਿਰਦਾ।"

"ਪੁੱਤ, ਇਹ ਤੇਰੇ ਚਾਚੇ ਭੂਰੂ ਦੀ ਗ਼ਲਤੀ ਐ ਜੋ ਰੋਕਦਾ ਨੀ, ਅਜੇ ਉਸ ਦੀ ਉਮਰ ਨੀ ਹੈ, ਕੋਈ ਵੀ ਚੀਜ਼ ਚਲਾਉਣ ਦੀ। ਉਸ ਕੋਲ਼ ਡ੍ਰਾਈਵਰੀ ਦਾ ਲਾਇਸੰਸ ਨੀ, ਉਸ ਨੂੰ ਕੀ ਪਤਾ ਆਵਾਜਾਈ ਦੇ ਨਿਯਮਾਂ ਦਾ, ਉਹ ਗ਼ਲਤੀ ਨਾਲ਼ ਆਪ ਵੀ ਸੱਟ ਖਾਊ ਤੇ ਕਿਸੇ ਹੋਰ ਨੂੰ ਬਿਪਤਾ 'ਚ ਪਾਊ। ਜਦੋਂ ਤੇਰੀ ਉਮਰ ਹੋ ਜੂ ਸਕੂਟਰ ਚਲਾਉਣ ਦੀ ਮੈਂ ਆਪ ਹੀ ਸਿਖਾਂ ਦੂੰ ਤੈਨੂੰ, ਪੁੱਤ ! ਅਜੇ ਤੂੰ ਪੜ੍ਹਾਈ ਵੱਲ ਧਿਆਨ ਦੇ, ਫ਼ੋਨ ਨਾਲ਼ ਵੀ ਨਾ ਚਿੰਬੜਿਆ ਰਿਹਾ ਕਰ, ਅੱਛਾ । ਅਜੇ ਤਾਂ ਤੇਰੀ

ਪੁੱਤ ਸਾਈਕਲ ਚਲਾਉਣ ਦੀ ਉਮਰ ਹੈ ਤੂੰ ਸਾਈਕਲ ਚਲਾਇਆ ਕਰ ਜਿਹੜਾ ਤੇਰੀ ਭੂਆ ਤੈਨੂੰ ਜਨਮ-ਦਿਨ 'ਤੇ ਦੇ ਕੇ ਗਈ ਐ।

ਜੈਕੀ ਨੂੰ ਆਪਣੇ ਡੈਡੀ ਦੀਆਂ ਗੱਲਾਂ ਤਾਂ ਠੀਕ ਵੀ ਲੱਗਦੀਆਂ ਪਰ ਜਦੋਂ ਫ਼ਲੇਮ ਬਾਰੇ ਸੋਚਦਾ, ਉਸ ਨੂੰ ਸਕੂਟਰ 'ਤੇ ਸਕੂਲ ਜਾਂਦਾ ਦੇਖਦਾ ਤਾਂ ਡੈਡੀ 'ਤੇ ਗ਼ੁੱਸਾ ਆਉਂਦਾ। ਉਹ ਸੋਚਦਾ ਡੈਡੀ ਐਵੇਂ ਮੈਨੂੰ ਟਾਲ਼ਦੇ ਨੇ। ਜਦੋਂ ਫ਼ਲੇਮ ਸਕੂਟਰ ਚਲਾ ਸਕਦਾ, ਮੈਂ ਕਿਉਂ ਨੀ ਚਲਾ ਸਕਦਾ ? ਉਹ ਨਿਰਾਸ ਜਿਹਾ ਹੋ ਜਾਂਦਾ।

ਅਸਲ ਵਿਚ ਫ਼ਲੇਮ, ਭੂਰੂ ਦਾ ਵਿਗੜਿਆ ਹੋਇਆ ਪੁੱਤਰ ਸੀ। ਅਵਾਰਾ ਘੁੰਮਣਾ, ਸ਼ਰਾਰਤਾਂ ਕਰਨੀਆਂ, ਲੜਾਈ-ਝਗੜੇ ਕਰਨੇ ਉਸ ਦਾ ਸ਼ੁਗ਼ਲ ਸੀ । ਪੜ੍ਹਾਈ ਵੱਲ ਨਾ ਉਹ ਧਿਆਨ ਦਿੰਦਾ ਨਾ ਭੂਰੂ ਹੀ ਕਦੇ ਇਸ ਬਾਰੇ ਸੋਚਦਾ । ਉਹ ਤਾਂ ਸਗੋਂ ਖ਼ੁਸ਼ ਹੁੰਦਾ, ਮਾਣ ਕਰਦਾ ਜਦੋਂ ਫ਼ਲੇਮ ਸਕੂਟਰ 'ਤੇ ਸਰਕਸੀ ਸਟੰਟ ਕਰਦਾ, ਤੇਜ ਭਜਾ ਕੇ ਦਿਖਾਉਂਦਾ ।

ਕਈ ਵਾਰ ਕਈ ਕੁੱਤਿਆਂ ਨੇ ਕਿਹਾ ਕਿ ਭੂਰੂ ਭਾਈ ਆਪਣੇ ਪੁੱਤਰ ਨੂੰ ਸਮਝਾ ਉਸ ਨੂੰ ਚਲਾਉਣ ਲਈ ਸਕੂਟਰ ਨਾ ਦੇ, ਉਹ ਕਿਤੇ ਧੋਖਾ ਖਾਊ, ਉਹ ਬਹੁਤ ਤੇਜ਼ ਚਲਾਉਂਦਾ, ਸੜਕ 'ਤੇ ਸੱਪ ਵਾਰੀ ਵਲ਼ ਪਾ-ਪਾ ਕੇ ਚਲਾਉਂਦਾ, ਇਹ ਠੀਕ ਗੱਲ ਨੀ, ਪਰ ਭੂਰੂ 'ਤੇ ਕੋਈ ਅਸਰ ਨਾ ਹੁੰਦਾ ਸਗੋਂ ਉਹ ਤਾਂ ਕਹਿੰਦਾ ਕਿ ਮੈਂ ਆਪਣੇ ਪੁੱਤ ਨੂੰ ਬੁਜ਼ਦਿਲ ਨੀ ਬਣਾਉਣਾ। ਜੇ ਹੁਣ ਤੋਂ ਹੀ ਬੇਖ਼ੌਫ਼ ਕਰਨਾਮੇ ਕਰੂ ਤਾਂ ਹੀ ਵੱਡਾ ਹੋ ਕੇ ਬਹਾਦਰ ਬਣੂ। ਇਹ ਸੁਣ ਕੇ ਸਾਰੇ ਚੁੱਪ ਹੋ ਜਾਂਦੇ।

ਇੱਕ ਦਿਨ ਉਹੀ ਹੋਇਆ ਜਿਸ ਦਾ ਡਰ ਸੀ । ਫ਼ਲੇਮ ਦਾ ਐਕਸੀਡੈਂਟ ਹੋ ਗਿਆ ਤੇ ਉਹ ਥਾਂ 'ਤੇ ਹੀ ਪੂਰਾ ਹੋ ਗਿਆ। ਹੋਇਆ ਇਹ ਕਿ ਸ਼ਹਿਰ ਤੋਂ ਇੱਕ ਲੂੰਬੜੀ ਆਪਣੀ ਕਾਰ 'ਚ ਆ ਰਹੀ ਸੀ ਉਹਨੇ ਕੰਨ ਨੂੰ ਫ਼ੋਨ ਲਾਇਆ ਹੋਇਆ ਸੀ ਤੇ ਏਧਰ ਫ਼ਲੇਮ ਵੀ ਖ਼ੂਬ ਤੇਜ਼ੀ ਨਾਲ਼ ਜਾ ਰਿਹਾ ਸੀ। ਦੋਵੇਂ ਬੇਧਿਆਨੀ ਵਿੱਚ ਸਨ ਤੇ ਜਦੋਂ ਦੋਂਹਾਂ ਨੂੰ ਹੋਸ਼ ਆਈ ਤਾਂ ਵਕਤ ਬੀਤ ਚੁੱਕਾ ਸੀ । ਉਹਨਾਂ ਦੋਂਹਾਂ ਦੀ ਸਿੱਧੀ ਟੱਕਰ ਹੋ ਚੁੱਕੀ ਸੀ ਤੇ ਲੂੰਬੜੀ ਵੀ ਗੰਭੀਰ ਹਾਲਤ ਵਿੱਚ ਹਸਪਤਾਲ 'ਚ ਸੀ ।

ਸਾਰਿਆਂ ਨੂੰ ਇਸ ਦਾ ਦੁੱਖ ਹੋਇਆ ਤੇ ਜੈਕੀ ਵੀ ਸਮਝ ਗਿਆ ਕਿ ਡੈਡੀ ਠੀਕ ਹੀ ਕਿਹਾ ਕਰਦੇ ਸਨ ।

ਚਰਨਜੀਤ ਸਿੰਘ ਕਤਰਾ



ਜਲ ਹੈ ਤਾਂ ਕੱਲ੍ਹ ਹੈ

ਕੁਦਰਤ ਨੇ ਮਨੁੱਖੀ ਜੀਵਨ ਨੂੰ ਕਈ ਸਾਰੀਆਂ ਵਡਮੁੱਲੀਆਂ ਚੀਜ਼ਾਂ ਪ੍ਰਦਾਨ ਕੀਤੀਆਂ ਹਨ। ਇਹਨਾਂ 'ਚੋਂ ਇੱਕ ਅਨਮੋਲ ਰਤਨ ਹੈ - 'ਜਲ' । 'ਜਲ ਹੀ ਜੀਵਨ ਹੈ", 'ਜਲ ਹੈ ਤਾਂ ਕੱਲ੍ਹ ਹੈ' ਆਦਿ ਇਸ ਤਰ੍ਹਾਂ ਦੇ ਕਈ ਨਾਅਰੇ ਸੁਣ ਸਕਦੇ ਹਾਂ । ਪਰ ਦੁਖਦਾਈ ਗੱਲ ਇਹ ਹੈ ਕਿ ਸੁਣਦੇ ਤਾਂ ਅਸੀਂ ਸਭ ਹਾਂ ਪਰ ਇਹਨਾਂ ਨੂੰ ਮੰਨਣ ਵਾਲ਼ਾ ਕੋਈ ਨਹੀਂ ਹੈ। 'ਪਾਣੀ ਦੇ ਕੀ ਲਾਭ ਹਨ,' ਇਸ ਨੂੰ ਬਿਆਨ ਕਰਨਾ ਹੋਵੇ ਤਾਂ ਪੰਨੇ ਮੁੱਕ ਜਾਣਗੇ । ਧਰਤੀ 'ਤੇ ਜੇਕਰ ਜੀਵ -ਜੰਤੂ, ਦਰਖ਼ਤ ਆਦਿ ਵਧ-ਫੁੱਲ ਰਹੇ ਹਨ ਤਾਂ ਉਹ ਸਭ ਜਲ ਦੀ ਹੀ ਦੇਣ ਹਨ। ਮਨੁੱਖ ਦਾ ਸਰੀਰ ਪਾਣੀ ਦਾ ਹੀ ਬਣਿਆ ਹੋਇਆ ਹੈ। ਮਨੁੱਖੀ ਸਰੀਰ 'ਚ ਜੋ ਵੀ ਪ੍ਰਕਿਰਿਆਵਾਂ ਚੱਲਦੀਆਂ ਹਨ, ਉਹਨਾਂ ਸਭਨਾਂ ਦਾ ਆਧਾਰ ਪਾਣੀ ਹੁੰਦਾ ਹੈ। ਪਾਣੀ ਦੇ ਕਾਰਨ ਹੀ ਧਰਤੀ ਉੱਪਰ ਹਰਿਆਵਲ ਹੈ। ਫੁੱਲ-ਬੂਟੇ ਪਾਣੀ ਨਾਲ਼ ਸਿੰਜਦੇ ਹਨ ਜੋ ਧਰਤੀ ਨੂੰ ਸੋਹਣਾ ਅਤੇ ਰਮਣੀਕ ਰੂਪ ਦਿੰਦੇ ਹਨ। ਜੇਕਰ ਕੁਝ ਦਿਨ ਮੀਂਹ ਨਾ ਵਰ੍ਹੇ ਤਾਂ ਸਭ ਪਾਸੇ ਸੋਕਾ ਪੈ ਜਾਵੇ। ਅਸੀਂ ਅੱਜ ਬਹੁਤ ਤਰੱਕੀ ਕਰ ਚੁੱਕੇ ਹਾਂ। ਅਸੀਂ ਵੱਡੀਆਂ-ਵੱਡੀਆਂ ਇਮਾਰਤਾਂ, ਕਾਰਖ਼ਾਨੇ ਆਦਿ ਖੜ੍ਹੇ ਕਰ ਦਿੱਤੇ ਹਨ ਪਰ ਉਹਨਾਂ ਕਾਰਖ਼ਾਨਿਆਂ ਨੂੰ ਚਲਾਉਣ ਲਈ ਪਾਣੀ ਦੀ ਲੋੜ ਹੈ। ਘਰੇਲੂ ਲੋੜਾਂ ਤੋਂ ਲੈ ਕੇ ਉਦਯੋਗਿਕ ਲੋੜਾਂ ਤੱਕ ਸਭ 'ਚ ਪਾਣੀ

ਦੀ ਅਹਿਮ ਭੂਮਿਕਾ ਹੈ। ਸਾਡੇ ਕਿਸਾਨ ਆਪਣੇ ਖੇਤਾਂ ਨੂੰ ਪਾਣੀ ਨਾਲ਼ ਸਿੰਜਦੇ ਹਨ, ਜਿਸ ਨਾਲ਼ ਸਾਡੇ ਘਰਾਂ ਤੱਕ ਅਨਾਜ, ਸਬਜ਼ੀਆਂ, ਫਲ਼ ਆਦਿ ਪਹੁੰਚਦੇ ਹਨ। ਇਸ ਕਰਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਪਾਣੀ ਜੀਵਨ ਲਈ ਅੰਮ੍ਰਿਤ ਹੈ।

ਅਜੋਕੇ ਸਮੇਂ ' ਚ ਪਾਣੀ ਦੀ ਬਹੁਤ ਘਾਟ ਆ ਗਈ ਹੈ। ਜਿਹੜਾ ਪਾਣੀ ਅਸੀਂ ਪੀ ਰਹੇ ਹਾਂ, ਉਹ ਵੀ ਸੁਰੱਖਿਅਤ ਨਹੀਂ ਹੈ। ਕਈ ਲੋਕਾਂ ਨੂੰ ਤਾਂ ਪਾਣੀ ਦੀ ਇੱਕ ਬੂੰਦ ਵੀ ਨਸੀਬ ਨਹੀਂ ਹੁੰਦੀ। ਪਾਣੀ ਦਾ ਪੱਧਰ ਦਿਨੋ-ਦਿਨ ਘਟ ਰਿਹਾ ਹੈ। ਕਹਿਣ ਲਈ ਤਾਂ ਧਰਤੀ 70 ਪ੍ਰਤਿਸ਼ਤ ਪਾਣੀ ਨਾਲ਼ ਘਿਰੀ ਹੋਈ ਹੈ ਪਰ ਪੀਣਯੋਗ ਪਾਣੀ ਕੇਵਲ 2.5 ਪ੍ਰਤਿਸ਼ਤ ਹੀ ਹੈ। ਪਾਣੀ ਦੇ ਗੰਧਲ਼ੇ ਹੋਣ ਦੇ ਕਈ ਕਾਰਨ ਹਨ। ਕਾਰਖ਼ਾਨਿਆਂ ਦਾ ਗੰਦਾ ਪਾਣੀ ਨਦੀਆਂ, ਝੀਲਾਂ ਆਦਿ 'ਚ ਛੱਡਿਆ ਜਾਂਦਾ ਹੈ ਜਿਸ ਨਾਲ਼ ਪਾਣੀ ਤਾਂ ਗੰਧਲ਼ਾ ਹੁੰਦਾ ਹੀ ਹੈ, ਨਾਲ਼ ਹੀ ਨਾਲ਼ ਉਸ 'ਚ ਰਹਿ ਰਹੇ ਜੀਵ ਜੰਤੂਆਂ ਨੂੰ ਵੀ ਸਾਰੀ ਨੁਕਸਾਨ ਪਹੁੰਚਦਾ ਹੈ। ਅਸੀਂ ਪਾਣੀ 'ਚ ਬਿਨਾਂ ਸੋਚੇ-ਸਮਝੇ ਕੂੜਾ ਸੁੱਟ ਦਿੰਦੇ ਹਾਂ ਜਿਸ ਦਾ ਬੁਰਾ ਪ੍ਰਭਾਵ ਪੈਂਦਾ ਹੈ। ਘਰਾਂ, ਹਸਪਤਾਲਾਂ ਆਦਿ 'ਚੋਂ ਨਿਕਲ਼ਿਆ ਗੰਧਲ਼ਾ ਪਾਣੀ ਵੀ ਨਦੀਆਂ `ਚ ਛੱਡਿਆ ਜਾਂਦਾ ਹੈ। ਜ਼ਮੀਨੀ ਪਾਣੀ ਦਾ ਪੱਧਰ ਘਟਣ ਦਾ ਮੁੱਖ ਕਾਰਨ ਰੁੱਖਾਂ ਦੀ ਕਟਾਈ ਹੈ| ਇਸ ਤਰ੍ਹਾਂ ਅਸੀਂ ਆਪ ਹੀ ਇਸ ਅਨਮੋਲ ਰਤਨ ਨੂੰ ਖ਼ਤਮ ਕਰ ਰਹੇ ਹਾਂ।

ਹੁਣ ਸਮੇਂ ਦੀ ਲੋੜ ਇਸ ਨੂੰ ਬਚਾਉਣ ਦੀ ਹੈ। ਪਾਣੀ ਦਾ ਮੁੱਦਾ ਇੱਕ ਸੰਵੇਦਨਸ਼ੀਲ ਮੁੱਦਾ ਹੈ ਜਿਸ ਉੱਪਰ ਜੇਕਰ ਵਿਚਾਰ ਨਹੀਂ ਕੀਤਾ ਗਿਆ ਤਾਂ ਨਤੀਜੇ ਬਹੁਤ ਬੁਰੇ ਨਿਕਲ਼ ਸਕਦੇ ਹਨ। ਸਾਨੂੰ ਪਾਣੀ ਦੀ ਬੇਲੋੜੀ ਵਰਤੋਂ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਆਪਣਾ ਕੂੜਾ ਪਾਣੀ 'ਚ ਸੁੱਟਣਾ ਚਾਹੀਦਾ ਹੈ। ਕਾਰਖ਼ਾਨਿਆਂ ਅਤੇ ਘਰਾਂ 'ਚੋਂ ਨਿਕਲ਼ਦੇ ਗੰਧਲ਼ੇ ਪਾਣੀ ਨੂੰ ਸਿੱਧੇ ਹੀ ਨਦੀਆਂ ਆਦਿ 'ਚ ਨਹੀਂ ਛੱਡਣਾ ਚਾਹੀਦਾ ਸਗੋਂ ਉਸ `ਚੋਂ ਹਾਨੀਕਾਰਕ ਪਦਾਰਥਾਂ ਅਤੇ ਰਸਾਇਣਾਂ ਨੂੰ ਖ਼ਤਮ ਕਰਕੇ ਸੁੱਟਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਵੱਧ ਤੋਂ

ਵੱਧ ਰੁੱਖ ਲਗਾਈਏ ਤਾਂਜੋ ਮੀਂਹ ਸਮੇਂ ਸਿਰ ਵਰ੍ਹੇ ਅਤੇ ਪਾਣੀ ਦੀ ਕੋਈ ਘਾਟ ਨਾ ਹੋਵੇ।

ਇਸ ਤਰ੍ਹਾਂ ਸਾਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਧਰਤੀ ਸਾਡੀ ਹੀ ਨਹੀਂ ਹੈ ਸਗੋਂ ਹੋਰ ਜੀਵ-ਜੰਤੂਆਂ, ਰੁੱਖਾਂ-ਬੂਟਿਆਂ ਆਦਿ ਦੀ ਵੀ ਹੈ। ਇਸ ਤੋਂ ਵੀ ਜ਼ਰੂਰੀ ਗੱਲ ਇਹ ਹੈ ਕਿ ਇਹ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਦੀ ਵੀ ਹੈ। ਜੇਕਰ ਪਾਣੀ ਦੀ ਬੱਚਤ ਨਹੀਂ ਕੀਤੀ ਗਈ ਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਪਾਣੀ ਦੀ ਬੂੰਦ-ਬੂੰਦ ਲਈ ਤਰਸਣਗੀਆਂ। ਇਸ ਤਰ੍ਹਾਂ ਤੀਸਰਾ ਵਿਸ਼ਵ-ਯੁੱਧ ਪਾਣੀ ਦੀ ਇੱਕ-ਇੱਕ ਬੂੰਦ ਲਈ ਹੋਵੇਗਾ। ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ, "ਪਾਣੀ ਹੈ ਜੀਵਨ ਦਾ ਅਨਮੋਲ ਰਤਨ, ਇਸ ਨੂੰ ਬਚਾਉਣ ਦਾ ਕਰੋ ਯਤਨ।"

ਰੋਹਿਮ ਸੈਣੀ

ਕਵਿਤਾ

ਮੇਰੀ ਸਾਈਕਲ

ਮੇਰੀ ਪਿਆਰੀ ਸੁੰਦਰ ਸਾਈਕਲ,
ਲਾਉਂਦੀ ਅਰਮਾਨਾਂ ਨੂੰ ਖੰਭ।
ਇਸ ਨੂੰ ਸਾਫ਼-ਸੁਥਰਾ ਬਣਾ ਕੇ,
ਖ਼ੁਦ ਸਾਫ਼=ਸੁਥਰੇ ਕਪੜੇ ਪਹਿਨ।
ਨਿਕਲ਼ ਜਾਂਦਾ ਸੈਰ ਦੇ ਉੱਪਰ,
ਉੱਚੀਆਂ-ਨੀਵੀਆਂ ਪਗਡੰਡੀਆਂ।
ਹਰੇ-ਭਰੇ ਰਾਹਾਂ ਵਿੱਚੋਂ ਗੁਜ਼ਰ,
ਸਮੁੰਦਰ ਦੇ ਸਾਹਿਲ ਉੱਪਰ।
ਚੜ੍ਹਾਅ-ਉਤਰਾਅ ਉੱਪਰ,
ਚਲਦੀ ਫਿਰੇ ਘੁੰਮ-ਘੁੰਮਾ ਕੇ।
ਮੇਰੇ ਹੌਸਲਿਆਂ ਨੂੰ ਵਧਾ ਕੇ,
ਸਿਖਾਉਂਦੀ ਦਿਖਾਉਂਦੀ ਹੈ।
ਜੀਵਨ ਖ਼ੁਸ਼ ਹੋਣ ਦੇ ਰੰਗ,
ਦੋ ਪਹੀਆਂ 'ਤੇ ਭੱਜਦੀ ਹੈ।
ਮੇਰੀ ਸਿਹਤ ਬਣਾਉਂਦੀ,
ਪ੍ਰਕ੍ਰਿਤੀ ਸਿਹਤ ਸਿਖਾਉਂਦੀ।

ਕਸ਼ਮੀਰੀ ਲਾਲ ਚਾਵਲਾ
919814814791



ਗਰਮੀ ਹੈ ਵਰਦਾਨ

ਗਰਮੀ ਤੋਂ ਨਹੀਂ ਡਰਨਾ ਆਪਾਂ,
ਇਹ ਸਾਨੂੰ ਕਈ ਫ਼ਾਇਦੇ ਦੇਵੇ।
ਗਿੱਲੇ ਕੱਪੜੇ ਮਿੰਟਾਂ 'ਚ ਸੁਕਾਵੇ,
ਫ਼ਸਲਾਂ ਨੂੰ ਸਮੇਂ ਸਿਰ ਪਕਾਵੇ।
ਗਰਮੀ ਇੱਕ ਨਿਆਮਤ ਹੈ,
ਤਾਹੀਉਂ ਇਹ ਕਹਾਵਤ ਹੈ।
'ਗਰਮੀ ਹੀ ਗਰਮੀ ਨੂੰ ਮਾਰੇ',
ਪਸੀਨਾ ਆ ਸਰੀਰ ਨੂੰ ਸੰਵਾਰੇ।
ਬਿਜਲੀ ਦੀ ਮੰਗ ਵੱਧਦੀ ਜਾਵੇ,
ਕੋਲਾ ਹੁਣ ਮੁੱਕਦਾ ਜਾਵੇ।
ਪਾਣੀ ਦੀ ਵੀ ਕਿੱਲਤ ਆਵੇ,
ਨਵੇਂ ਰਾਹਾਂ ਵੱਲ ਉਹ ਹੁਣ ਜਾਵੇ।
ਗਰਮੀ ਵੀ ਵਰਦਾਨ ਕਹਾਵੇ,
ਸੋਲਰ-ਸਿਸਟਮ ਨੂੰ ਇਹ ਚਲਾਵੇ।
ਮੁਫ਼ਤ 'ਚ ਸਾਨੂੰ ਬਿਜਲੀ ਪਾਵੇ,
ਪ੍ਰਦੂਸ਼ਨ ਤੋਂ ਇਹ ਨਿਜਾਤ ਦਿਵਾਵੇ।
ਕੁਦਰਤ ਨੇ ਰੱਖਿਆ ਸਮਤੋਲ,
ਗਰਮੀ-ਸਰਦੀ ਹੈ ਅਨਮੋਲ।
ਐਵੇਂ ਨਾ ਤੂੰ ਬੋਲ-ਕਬੋਲ,
ਕੁਦਰਤ ਦਾ ਹੈ ਸਾਰਾ ਰੋਲ।
ਸੜਕਾਂ,ਖੇਤਾਂ 'ਚ ਜੋ ਕੰਮ ਨੇ ਕਰਦੇ,
ਉਹ ਨਾ ਕਦੇ ਵੀ ਗਰਮੀ ਤੋਂ ਡਰਦੇ।
ਖਾਧਾ-ਪੀਤਾ ਹਜ਼ਮ ਨੇ ਕਰਦੇ,
ਲੰਮੀ ਉਮਰੇ ਉਹ ਨੇ ਕੱਢਦੇ।
ਗੁਰੂ ਅਰਜਨ ਦੇਵ ਦੀ ਕੁਰਬਾਨੀ ਬਾਰੇ,
ਸਿੱਖ ਇਤਿਹਾਸ ਅਸੀਂ ਹਾਂ ਸੁਣਦੇ।
ਤੱਤੀਆਂ ਤਵੀਆਂ 'ਤੇ ਵੀ ਬੈਠ,
ਸਾਂਤ ਚਿੱਤ ਹੋ ਭਾਣੇ ਨੂੰ ਮੰਨਦੇ।

ਮੇਜਰ ਸਿੰਘ ਨਾਭਾ
9463553962



ਮੁਸਕਰਾਉਂਦੇ ਬੱਚੇ ਤੇ ਫੁੱਲ

ਜੋਬਰਟ ਦਾ ਕਥਨ ਹੈ ਕਿ ਬੱਚਿਆਂ ਨੂੰ ਪੜਚੋਲ ਕਰਨ ਵਾਲਿਆਂ ਲਈ ਨਮੂਨੇ ਦੇ ਆਦਮੀਆਂ ਦੀ ਲੋੜ ਹੁੰਦੀ ਹੈ।ਇਸ ਤਰਾਂ ਹੀ ਹਾਡਿੰਗ ਕਾਰਟਰ ਲਿਖਦੇ ਨੇ ਕਿ ਦੋ ਹੀ ਵਿਰਾਸਤੀ ਚੀਜਾਂ ਹਨ, ਜਿਹੜੀਆਂ ਅਸੀਂ ਆਪਣੇ ਬੱਚਿਆਂ ਨੂੰ ਦੇ ਸਕਦੇ ਹਾਂ, ਇੱਕ ਜੜ੍ਹਾਂ ਅਤੇ ਦੂਜੇ ਖੰਭ। ਵਾਕਿਆ ਈ ਜੇ ਬੱਚੇ ਧਰਤੀ ਤੇ ਰਹਿਣਾ ਸਿੱਖ ਗਏ ਫੇਰ ਅਸਮਾਨ ਵੱਲ ਉਡਾਣ ਵੀ ਭਰ ਸਕਣਗੇ। ਜਦੋਂ ਅਸੀਂ ਆਪਣੇ ਲਾਡਲਿਆਂ ਨੂੰ ਆਂਢ-ਗੁਆਂਢ ਅਤੇ ਆਪਣਿਆਂ ਨਾਲੋਂ ਦੂਰ ਕਰ ਕੇ ਮਿਠਾਸ ਅਤੇ ਅਪਣੱਤ ਦੀ ਥਾਂ ਕੁੜੱਤਣ ਅਤੇ ਈਰਖਾ ਨਾ ਸਿਖਾਵਾਂਗੇ, ਗਾਲ਼ਾਂ ਸਿਖਾਵਾਂਗੇ ਤਾਂ ਕੱਲ੍ਹ ਨੂੰ ਉਹ ਵੱਡੇ ਹੋ ਥੋਨੂੰ ਵੀ ਗਾਲ਼ਾਂ ਕੱਢ ਸਕਦੇ ਹਨ। ਜਦ ਬੱਚਿਆਂ ਨੂੰ ਦੂਜਿਆਂ ਲਈ ਕਠੋਰ ਬਣਾਇਆ ਜਾਂਦਾ ਹੈ ਤਾਂ ਅਖ਼ੀਰ ਆਪਣੇ ਬਿਰਧ ਮਾਪਿਆ ਨੂੰ ਉਹੀ ਬੱਚੇ ਬੇਸਹਾਰਾ ਛੱਡ ਦਿੰਦੇ ਹਨ।ਜਦ ਕਦੀ ਦੂਜਾ 'ਕੱਲਾ ਬੰਦਾ ਮੁਸੀਬਤ ਵਿੱਚ ਫੱਸਦਾ ਹੈ, ਤਾਂ ਫੇਰ ਅਜਿਹੇ ਸਮੇਂ ਆਪਣੇ ਦਿਨ ਭੁੱਲ ਕੇ ਕਈ ਲੋਕਾਂ ਵਲੋਂ ਚੌਂਕ 'ਚ ਬਹਿ ਕੇ ਉਹਨਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਮਹਾਂਮਾਰੀ ਦੌਰਾਨ ਜਿਨ੍ਹਾਂ ਉੱਤੇ ਮੁਸ਼ਕਿਲ ਸਮਾਂ ਆਇਆ ਸੀ। ਕਿਵੇਂ ਉਹਨਾਂ ਨੂੰ ਸੁਰੱਖਿਅਤ ਅਤੇ ਖ਼ੁਸ਼ਹਾਲ ਰੱਖਿਆ। ਉਹ ਅਜਿਹੇ ਰਿਸ਼ਤਿਆਂ ਦੇ ਮਹੱਤਵ ਨੂੰ ਮੁੜ ਪਛਾਣਦੇ ਨਹੀਂ।

ਕਈ ਖ਼ੁਦ ਨੂੰ ਖ਼ੁਦਾ ਸਮਝ ਕੇ ਦੂਜੇ ਨੂੰ ਆਪਣੇ ਬੱਚਿਆਂ ਸਾਮ੍ਹਣੇ ਨੀਵਾਂ ਦਿਖਾਉਣ ਵਿੱਚ

ਵਡਿਆਈ ਸਮਝਦੇ ਹਨ। ਕਈ ਮਾਪਿਆਂ ਦੇ ਆਪਣੇ ਬੱਚਿਆਂ ਪ੍ਰਤਿ ਨਜ਼ਰੀਏ ਹੋਰ ਹੁੰਦੇ ਹਨ, ਦੂਜਿਆਂ ਲਈ ਹੋਰ। ਅਜਿਹੇ ਇਰਾਦੇ ਸਮਝਣ ਵਿੱਚ ਦੇਰ ਲੱਗ ਜਾਂਦੀ ਹੈ। ਅਜਿਹੇ ਬੰਦੇ ਤੁਹਾਡੇ ਆਸ-ਪਾਸ ਰਹਿੰਦੇ ਹੋਏ ਆਪਣਾ ਮਕਸਦ ਪੂਰਾ ਕਰ ਲੈਂਦੇ ਹਨ। ਸਾਊ ਬੰਦਾ ਠੱਗਿਆ-ਠੱਗਿਆ ਮਹਿਸੂਸ ਕਰਦਾ ਹੈ। ਮੈਂ ਅਜਿਹੇ ਅਨੁਭਵਾਂ ਵਿੱਚੋਂ ਬਹੁਤ ਕੁਝ ਗੁਆਚ ਕੇ ਸਿੱਖਣ ਅਤੇ ਨਿਕਲਨ ਦੀ ਕੋਸ਼ਸ਼ ਕੀਤੀ ਹੈ।

ਬੱਚਿਆ ਨੂੰ ਕਦੇ ਵੀ ਆਪਣੇ-ਮਾਪਿਆਂ ਪ੍ਰਤਿ ਕੁੜੱਤਣ ਭਰੀ ਪੁੱਠੀ ਪੜ੍ਹਾਈ ਨਾ ਪੜ੍ਹਾਓ। ਸਗੋਂ ਮਨਾਂ ਵਿੱਚ ਮਿਠਾਸ, ਦਿਲਾਂ ਵਿੱਚ ਪਿਆਰ ਦੀ ਪਿਉਂਦ ਲਾਓ। ਬੱਚੇ ਵੱਡੇ ਹੋ ਕੇ ਇਕੱਲਤਾ ਦੀ ਥਾਂ ਸਮਾਜ ਵਿੱਚ ਇੱਕਤਰਤਾ ਭਰੀ ਪਵਿੱਤਰਤਾ 'ਚ ਜਿਉਂ ਸਕਣ। ਪਰ ਕਈ ਕੱਲੇ-ਕੱਲੇ ਰਹਿੰਦੇ ਹੋਏ ਇਸ ਦੇ ਉਲਟ, ਮਿਲਣ-ਗਿਲਣ ਤੋਂ ਕਤਰਾਉਣ ਲੱਗ ਜਾਂਦੇ ਹਨ। ਇਸ ਤਰਾਂ ਆਪਸੀ ਸਾਂਝ ਅਤੇ ਨੇੜਤਾ ਦੀ ਥਾਂ ਦੂਰੀਆਂ ਸਿਰਜੀਆਂ ਜਾਂਦੀਆਂ ਹਨ। ਪਰਿਵਾਰਿਕ ਅਤੇ ਭਾਈਚਾਰਿਕ ਸਾਂਝ ਸਾਰੀ ਉਮਰ ਨਹੀਂ ਬਣਾ ਪਾਉਂਦੇ। ਕੱਚੀ-ਪਿੱਲੀ ਜਿਹੀ ਸਾਂਝ ਨਾਲ਼ ਕਈ ਵਾਰ ਸਾਂਝੀ ਰਿਸ਼ਤੇਦਾਰੀ ਵਿੱਚ ਨੱਕੋ-ਨੱਕੀ ਓਪਰੀ ਜਿਹੀ ਬਨਾਉਟੀ ਹਾਸੀ ਨਾਲ਼ ਇੱਕ-ਦੂਜੇ ਨਾਲ਼, ਹੋਰ ਬਾਈ? ਕਹਿਣ ਵੇਲੇ਼ ਸ਼ਰਮਾਉਣ ਲੱਗ ਜਾਂਦੇ ਹਨ। ਜਦੋਂ ਮਾਪਿਆਂ ਨੇ ਹੀ ਆਪਣੇ ਬੱਚਿਆਂ ਦੇ ਦਿਲੋ-ਦਿਮਾਗ ਅੰਦਰ ਇੱਕ ਦੂਜੇ ਪ੍ਰਤਿ ਕੁੜੱਤਣ ਭਰੀ ਹੁੰਦੀ ਹੈ। ਅਸੀਂ ਕਦੇ ਇਹ ਨਹੀਂ ਸੋਚਿਆ ਕਿ ਅਸੀਂ ਸਮਾਜਿਕ ਜੀਵ ਹਾਂ। ਅਸੀਂ ਕਦੇ ਇਹ ਪ੍ਰਵਾਹ ਨਹੀਂ ਕਰਦੇ ਕਿ ਅਸੀਂ ਹੀ ਆਪਣੀ ਔਲਾਦ ਨੂੰ ਪਾਲ਼-ਪੋਸ ਕੇ ਭੈਣ-ਭਾਈ ਨਾਲੋਂ਼ ਅਤੇ ਹੋਰ ਰਿਸ਼ਤਿਆਂ ਨਾਲੋਂ਼ ਤੋੜਿਆ ਹੈ। ਹੋ ਸਕਦਾ ਹੈ ਵੱਡਾ ਹੋ ਵਿਆਹ ਕਰਵਾ ਕੇ ਉਹ ਵੀ ਤੁਹਾਥੋਂ ਮੁੱਖ ਮੋੜ ਜਾਵੇ। ਉਸ ਨੂੰ ਕਿਸੇ ਚਾਚੇ ਤਾਏ ਆਂਢ ਗੁਆਂਢ ਦਾ ਡਰ ਭੈਅ ਹੀ ਨਾ ਰਹੇ। ਸੋ ਫੁੱਲ ਅਤੇ ਬੱਚੇ ਤਾਂ ਖਿੜੇ ਮੱਥੇ ਮੁਸਕਰਾਂਉਦੇ ਹੀ ਚੰਗੇ ਲੱਗਦੇ ਹਨ। ਜੇਕਰ ਉਹਨਾਂ ਦੇ ਮਾਪੇ ਅਤੇ ਮਾਲੀ ਸਹੀ ਹੋਣ!!!

ਸਨੇਹਇੰਦਰ ਸਿੰਘ ਮੀਲੂ
95308-85356

ਕਵਿਤਾ

ਧੀਆਂ-ਧਿਆਣੀਆਂ

ਘਰ ਦੀ ਰੌਣਕ, ਵਿਹੜੇ ਦਾ ਚਾਅ ਹੁੰਦੀਆਂ ਨੇ ਧੀਆਂ,
ਮਾਪਿਆਂ ਦੇ ਦੁੱਖ-ਸੁੱਖ ਦਾ ਰਾਹ ਹੁੰਦੀਆਂ ਨੇ ਧੀਆਂ।
ਜਿਸ ਘਰ ਦੇ ਵਿੱਚ ਹੱਸਣ-ਖੇਡਣ, ਉਹ ਘਰ ਸੁਰਗ ਬਣਾਵਣ,
ਆਪਣੀ ਮਿੱਠੀ ਬੋਲੀ ਦੇ ਨਾਲ਼ ਸਭ ਦਾ ਚਿੱਤ ਪਰਚਾਵਣ।
ਚਿੜੀਆਂ ਵਾਂਗ ਆਉਂਦੀਆਂ ਨੇ ਤੇ ਇੱਕ ਦਿਨ ਉੱਡ ਜਾਂਦੀਆਂ,
ਧੀਆਂ ਤਾਂ ਬੇਗ਼ਾਨੇ ਘਰ ਨੂੰ ਵੀ ਆਪਣਾ ਬਣਾਉਂਦੀਆਂ।
ਦੋ-ਦੋ ਕੁੱਲਾਂ ਦੀ ਲਾਜ ਬਚਾਵਣ, ਬਣ ਕੇ ਠੰਢੀਆਂ ਛਾਂਵਾਂ,
ਰੱਬਾ ਹਰ ਇੱਕ ਧੀ ਦੇ ਸਿਰ 'ਤੇ ਰੱਖੀਂ ਸੁਖੀ ਹਵਾਵਾਂ।
ਅੱਜ ਦੀ ਧੀ ਨਾ ਕਮਜ਼ੋਰ ਹੈ ਕੋਈ, ਅੰਬਰਾਂ ਨੂੰ ਹੈ ਛੂੰਹਦੀ,
ਪੜ੍ਹ-ਲਿਖ ਕੇ ਉਹ ਉੱਚੀਆਂ ਪਦਵੀਆਂ, ਅੱਗੇ ਹੋ ਕੇ ਢੂੰਡਦੀ।
ਮਾਪਿਆਂ ਦਾ ਨਾਂ ਰੋਸ਼ਨ ਕਰਦੀ, ਜੱਗ ਵਿੱਚ ਪਾਵੇ ਨੂਰ,
ਧੀਆਂ ਨੂੰ ਤੂੰ ਲਾਡ ਲਡਾਈਂ, ਕਰੀਂ ਨਾ ਖ਼ੁਦ ਤੋਂ ਦੂਰ।
ਧੀਆਂ-ਧਿਆਣੀਆਂ ਰੱਬ ਦੀ ਰਹਿਮਤ, ਇਹਨਾਂ ਨੂੰ ਸਤਿਕਾਰੋ,
ਕੁੱਖਾਂ ਦੇ ਵਿੱਚ ਕਤਲ ਨਾ ਕਰਿਓ, ਨਾ ਹੀ ਬੋਝ ਵਿਚਾਰੋ।
ਜਿੱਥੇ ਹੁੰਦਾ ਮਾਣ ਧੀਆਂ ਦਾ, ਉੱਥੇ ਵੱਸਦਾ ਰੱਬ ਹੈ ਆਪ,
ਧੀਆਂ ਬਾਝੋਂ ਸੁੰਨਾ ਵਿਹੜਾ, ਧੀਆਂ ਸੁੱਖਾਂ ਦਾ ਪ੍ਰਤਾਪ।

ਰਿਨਸੀ ਚੰਡ
9888871461

ਕਵਿਤਾ

ਹ

ਹੁਣ ਆਈ ਹਾਹਾ ਪੜ੍ਹਨ ਦੀ ਵਾਰੀ,
ਸਲੇਟ ਲੈ ਕੇ ਬੈਠੀ ਰੀਤ ਪਿਆਰੀ ।
ਹਾਹਾ ਹਥੇਲੀ ਅਤੇ ਹਾਹਾ ਹੈ ਹਾਕੀ,
ਮਿਲੋ-ਵਰਤੋ ਤੁਸੀਂ ਅੰਗੀ-ਸਾਕੀ ।
ਹਾਹਾ ਹਿਨਾ ਸੋਹਣੀਆਂ ਹੇਕਾਂ ਲਾਵੇ,
ਨਾਲ਼-ਨਾਲ਼ ਹ ਹਰ-ਮੋਨੀਅਮ ਵਜਾਵੇ ।
ਹ ਹਥੌੜੇ ਦੀ ਤਾਂ ਠੁੱਕ-ਠੁੱਕ ਸਤਾਵੇ ,
ਹਾਹਾ ਹੱਥ 'ਤੇ ਨਾ ਸੱਟ ਲੱਗ ਜਾਵੇ ।
ਮਾਰੂਥਲ ਦਾ ਜਹਾਜ਼ ਊਠ ਨੂੰ ਕਹੀਏ
ਹਾਹਾ ਹਿਰਨ ਵਾਂਗੂੰ ਫੁਰਤੀਲੇ ਰਹੀਏ ।
ਦੇਸ ਮੇਰੇ ਵਿੱਚ ਰਹੇ ਹ ਹਰਿਆਲੀ,
ਪੰਛੀ ਸ਼ੋਰ ਮਚਾਵਣ ਡਾਲ੍ਹੀ-ਡਾਲ੍ਹੀ ।
ਹਾਹਾ ਸਭ ਨੂੰ ਉੱਚੀ-ਉੱਚੀ ਹਸਾਵੇ,
ਹ ਅੰਦਰੋਂ ਖ਼ੁਸ਼ੀਆਂ ਕੱਢ ਲਿਆਵੇ ।

ਤਰਸੇਮ ਲੰਡੇ

ਬੋਲਦੀਆਂ ਤਸਵੀਰਾਂ

ਖੇਡ ਤੇ ਪੜ੍ਹਾਈ

ਹਰਵੀਰ ਮਾਨ




ਪਰੀਖਿਆ ਦਾ ਸਮਾਂ
ਹੁਣ ਪੇਪਰ ਸ਼ੁਰੂ ਹੋ ਗਏ ਸਨ।
ਉਹਨਾਂ ਦੇ ਪੱਲੇ ਕੁਝ ਨਹੀ ਸੀ
ਬੱਸ ਖ਼ਾਲੀ ਪੇਪਰ ਛੱਡ ਆਏ।
ਅੱਜ ਅਧਿਆਪਕਾਂ ਨੇ ਮਾਪਿਆਂ ਨੂੰ ਸਕੂਲ ਬੁਲਾਇਆ ਸੀ। ਜਦੋਂ
ਉਹਨਾਂ ਨੇ ਨੰਬਰ ਦਸੇ ਤਾਂ ਮਾਤਾ ਜੀ ਦੇ ਪੈਰਾਂ ਹੇਠੋਂ ਜ਼ਮੀਨ
ਨਿਕਲ਼ ਗਈ।
school office
0
marks

ਘਰ ਆਉਂਦੇ ਹੀ ਮਾਤਾ ਜੀ ਸੋਨੂੰ ਮੋਨੂੰ ਦੇ ਦੁਆਲੇ ਹੈ ਗਏ। ਏਨੇ ਨੂੰ ਉਹਨਾਂ ਦੇ ਪਾਪਾ ਆ ਗਏ। ਉਹਨਾਂ ਕਿਹਾ -



ਹੁਣ ਉਹ ਆਪਣੀ ਗ਼ਲਤੀ ਦਾ ਅਹਿਸਾਸ ਕਰ ਗਏ ਸਨ। ਉਹਨਾਂ ਵਾਅਦਾ ਕੀਤਾ ਕਿ ਹੁਣ ਉਹ ਬਹੁਤਾਂ ਸਮਾਂ ਪੜ੍ਹਾਈ ਕਰਨਗੇ ਅਤੇ ਖੇਡ ਸਿਰਫ਼ ਵਿਹਲੇ ਸਮੇਂ ਹੀ ਖੇਡਣਗੇ।

ਉਹਨਾਂ ਨੇ ਆਪਣਾ ਵਾਅਦਾ ਨਿਭਾਇਆ। ਫ਼ਾਈਨਲ ਪੇਪਰਾਂ ਵਿੱਚ ਉਹ ਸਭ ਤੋਂ ਅੱਗੇ ਆ ਗਏ ਸਨ। ਉਹਨਾਂ ਨੇ ਮਿਹਨਤ ਨਾਲ਼ ਇਹ ਸਾਰਾ ਕੁਝ ਹਾਸਲ ਕਰ ਲਿਆ ਤੇ ਇਨਾਮ-ਜੇਤੂਆਂ ਵਿੱਚ ਸ਼ਾਮਲ ਹੋ ਗਏ।



ਟ ਠ ਡ ਢ ਣ



ਨਿੱਕੀ ਜਿਹੀ ਗੁੱਡੀ

ਨਿੱਕੀ ਜਹੀ ਹੈ ਗੁੱਡੀ ਰਾਣੀ,
ਮਿਲ਼ਨ ਨਾਨੀ ਘਰ ਆਈ ਹੈ।
ਵਿਹੜੇ ਦੇ ਵਿੱਚ ਖੇਡਦੀ-ਫਿਰਦੀ,
ਘਰ ਵਿਚ ਰੌਣਕ ਲਾਈ ਹੈ।
ਰੁੜ੍ਹਦੀ-ਰੁੜ੍ਹਦੀ ਖੜ੍ਹੀ ਹੋ ਜਾਂਦੀ,
ਤੁਰਨ ਦੀ ਕੋਸ਼ਸ਼ ਕਰਦੀ ਆ।
ਪੋਲੇ-ਪੋਲੇ ਪੈਰ ਹੈ ਧਰਦੀ,
ਡਿੱਗਣ ਤੋ ਵੀ ਡਰਦੀ ਆ ।
ਹੱਸਦੀ-ਖੇਡਦੀ ਕਦੇ ਨਾਨੇ ਦੀ,
ਗੋਦੀ ਵਿੱਚ ਜਾ ਬਹਿੰਦੀ ਆ।
ਓਧਰ ਚੱਲੋ ਉਹ ਲੈਣਾ ਮੈਂ,
ਉਂਗਲ਼ਾਂ ਕਰ-ਕਰ ਕਹਿੰਦੀ ਆ।
ਜਦ ਗੁੱਡੀ ਨੂੰ ਨਾਨੀ ਉਸ ਦੀ,
ਰੀਝਾਂ ਨਾਲ ਨ੍ਹਾਉਂਦੀ ਆ.
ਟੱਬ 'ਚ ਬੈਠੀ ਖ਼ੁਸ਼ ਹੁੰਦੀ ਤੇ,
ਕਦੇ ਉਹ ਰੌਲ਼ਾ ਪਾਉਂਦੀ ਆ।
ਮਾਮੇ, ਮਾਸੀਆਂ, ਨਾਨੀ-ਨਾਨਾ,
ਉਸ ਨੂੰ ਲਾਡ ਲਡਾਉਂਦੇ ਨੇ।
ਏਸ ਘਰੇ ਕਦੇ ਉਸ ਘਰੇ,
ਰਹਿੰਦੇ ਉਹਨੂੰ ਘੁੰਮਾਉਂਦੇ ਨੇ ।
ਵੱਡੀ ਹੋ ਕੇ ਜਾਊ ਸਕੂਲੇ,
ਕਰੂਗੀ ਖ਼ੂਬ ਪੜ੍ਹਾਈਆਂ ਉਹ ।
ਮੱਥੇ ਵਿੱਦਿਆ ਜੋਤ ਜਗਾ ਕੇ,
ਜਿੱਤੂਗੀ ਖ਼ੂਬ ਉਚਾਈਆਂ ਉਹ ।

ਗੁਰਚਰਨ ਸਿੰਘ ਭੱਟੀ
9780990995



ਬੰਟੀ

ਕੋਲ਼ ਆ ਕੇ ਮਾਂ ਆਪਣੇ ਪੁੱਤ ਨੂੰ ਬੁਲਾਈ ਜਾਵੇ,
ਝੂਠੀ-ਮੂਠੀ ਸੁੱਤੇ ਪਏ ਨੂੰ ਸੱਚੀਂ-ਮੁੱਚੀਂ ਜਗਾਈ ਜਾਵੇ।
ਅੱਜ ਫੇਰ ਬੰਟੀ ਕਿਤੇ ਲੇਟ ਹੋ ਜਾਵੇ ਨਾ ਸਕੂਲੋਂ,
'ਪੜ੍ਹਾਈ ਹੈ ਬਹੁਤ ਜ਼ਰੂਰੀ' ਨਾਲ਼ੇ ਸਮਝਾਈ ਜਾਵੇ।
ਮਾਂ! ਮੇਰਾ ਅੱਜ ਸਕੂਲ ਜਾਣ ਨੂੰ ਜੀਅ ਨਾ ਕਰੇ,
ਜੀਅ ਕਰੇ ਕੰਮ ਪੂਰਾ ਕਰ ਲਵਾਂ ਰਹਿ ਕੇ ਘਰੇ।
ਮੇਰਾ ਹੋਮ-ਵਰਕ ਪੂਰਾ ਨਹੀਂ ਤੇ ਪੈਂਦੀਆਂ ਝਿੜਕਾਂ,
ਸਾਇੰਸ ਵਾਲ਼ੇ ਮੈਡਮ ਤੋਂ ਦਿਲ ਬਾਹਲਾ ਡਰੇ।
ਬੰਟੀ ਪੁੱਤ! ਮਿਹਨਤ ਕਰੀਏ ਇਸ ਤੋਂ ਟਲ਼ੀਏ ਨਾ,
ਕੰਮ ਪੂਰਾ ਰੱਖ, ਸ਼ਰਾਰਤੀਆਂ ਨਾਲ਼ ਰਲ਼ੀਏ ਨਾ।
ਇਹ ਸਮਾਂ ਜੋ ਲੰਘ ਰਿਹਾ ਹੈ ਕਦੇ ਰੁਕਣਾ ਨਹੀਂ ,
ਆਪ ਹੀ ਗਵਾ ਕੇ ਸਮਾਂ ਪਿੱਛੋਂ ਹੱਥ ਮਲ਼ੀਏ ਨਾ।
ਓ ਮੇਰੇ ਮਾਤਾ ਜੀ! ਚਾਹੁੰਦਾ ਸੀ ਥੋੜ੍ਹੀ ਦੇਰ ਹੋਰ ਮੈਂ,
ਸੌਂ ਜਾਵਾਂ, ਚੱਲੋ ਹੁਣ ਮੈਂ ਤਿਆਰ ਹੀ ਹੋ ਜਾਵਾਂ।
ਕਾਪੀਆਂ ਦੀ ਜ਼ਮੀਨ ਉੱਤੇ ਪੈੱਨ ਦੇ ਹੋਲ ਨਾਲ਼,
ਸ਼ੌਂਕ, ਨਾਲ਼ ਪੜ੍ਹਾਈ ਦਾ ਕੋਈ ਬੀਜ ਮੈਂ ਬੋ ਆਵਾਂ।
ਓ ਬੱਲੇ ! ਮੇਰਾ ਬੰਟੂ ਕਿੰਨਾ ਸਿਆਣਾ ਹੋਇਆ,
ਫਸਟ ਤੂੰ ਹੀ ਆਵੇਂਗਾ ਜੇ ਤੂੰ ਸਮਾਂ ਨਾ ਖੋਇਆ।
ਪੜ੍ਹ ਲਿਖ ਕੇ ਤੂੰ ਇਕ ਚੰਗਾ ਅਫ਼ਸਰ ਬਣ ਜਾਵੇਂਗਾ,
ਚੰਗੀ ਮਿਹਨਤ ਦਾ ਬੀਜ ਜਦ ਤੂੰ ਬੋਇਆ।
ਚੰਗਾ ਮੇਰੇ ਬੀਜੀ ! ਹੁਣ ਮੈਨੂੰ ਨ੍ਹਾ ਹੋਣ ਦਵੋ,
ਪਾ ਕੇ ਸੋਹਣੀ ਵਰਦੀ ਸਕੂਲ ਮੈਨੂੰ ਜਾ ਲੈਣ ਦਵੋ।
ਹੋਮ-ਵਰਕ ਕਰ ਕੇ ਤੇ ਸਕੂਲ ਵਿੱਚ ਪੜ੍ਹ ਕੇ,
ਪਹਿਲਾਂ ਇੱਕ ਚੰਗਾ ਬੱਚਾ ਬੰਟੀ ਨੂੰ ਕਹਾ ਲੈਣ ਦਵੋ।

ਮਨਜੀਤ ਸਿੰਘ ਬੱਧਣ
9417635053

ਪ ਫ ਬ ਭ ਮ



ਨਿੱਕੇ ਬਾਲ

ਅਸੀਂ ਹਾਂ ਹਾਲੇ ਨਿੱਕੇ ਬਾਲ,
ਕਰੋ ਨਾ ਸਾਨੂੰ ਬਹੁਤੇ ਸਵਾਲ।
ਬੈਗ ਨੇ ਸਾਡੇ ਬਹੁਤ ਹੀ ਭਾਰੇ,
ਇਹਨਾਂ ਨੂੰ ਹਾਂ ਚੁੱਕ-ਚੁੱਕ ਹਾਰੇ।
ਹੋਮ-ਵਰਕ ਸਾਨੂੰ ਮਿਲ਼ਦਾ ਡਾਢਾ,
ਪਰ ਖੇਡਣ ਨੂੰ ਦਿਲ ਕਰਦਾ ਸਾਡਾ।
ਐਵੇਂ ਨਾ ਸਾਨੂੰ ਝਿੜਕੀ ਜਾਓ,
ਪਿਆਰ ਦਾ ਕੁਝ ਮੀਂਹ ਵਰਸਾਓ।
ਚੰਗਾ ਨਹੀਂ ਹੁੰਦਾ ਗ਼ੁੱਸੇ ਹੋਣਾ,
ਸਾਨੂੰ ਚੰਗਾ ਲੱਗੇ ਨਾ ਰੋਣਾ।

ਅਸੀਂ ਕਿਹੜਾ ਰੁੱਸਣਾ ਚਾਹੁੰਦੇ,
ਅੱਖਾਂ ਹੰਝੂਆਂ ਨਾਲ਼ ਭਰਨਾ ਚਾਹੁੰਦੇ।
ਜਦ ਤੁਸੀਂ ਹੁੰਦੇ ਸੀ ਨਿੱਕੇ ਬਾਲ,
ਤੁਹਾਡਾ ਵੀ ਹੋਣਾ ਸਾਡੇ ਵਾਲ਼ਾ ਹਾਲ।
ਸਾਨੂੰ ਜੇ ਕਰ ਤੁਸੀਂ ਕਰੋਗੇ ਪਿਆਰ,
ਅਸੀਂ ਵੀ ਤੁਹਾਡਾ ਕਰਾਂਗੇ ਸਤਿਕਾਰ।
ਕੱਲ੍ਹ ਨੂੰ ਅਸੀਂ ਸੰਭਾਲ਼ਨਾ ਦੇਸ,
ਸਾਨੂੰ ਹੌਸਲਾ ਦਿੰਦੇ ਰਹੋ ਹਮੇਸ਼।

ਮਹਿੰਦਰ ਸਿੰਘ ਮਾਨ
9915803554



ਬੁਝਾਰਤਾਂ

1. ਗੋਲ਼ ਮੋਲ ਕੋਠੜੀ
ਦਰਵਾਜ਼ਾ ਹਈਓ ਨਾ ।

2. ਪੈਰਾਂ ਨਾਲ਼ ਭਜਾਈ ਜਾਹ ।
ਸਿੰਗਾਂ ਨੂੰ ਹੱਥ ਪਾਈ ਜਾਹ ।

3. ਕਾਲਾ ਹਾਂ, ਕਲਿੱਤਰ ਹਾਂ ,
ਕਾਲੇ ਪਿਓ ਦਾ ਪੁੱਤਰ ਹਾਂ ।
ਆਡੋਂ ਪਾਣੀ ਪੀਂਦਾ ਹਾਂ ,
ਬਰੂਟੀ ਛਾਵੇਂ ਰਹਿੰਦਾ ਹਾਂ ।

4. ਹਰੀ ਹਾਂ, ਭਰੀ ਹਾਂ,
ਲਾਲਾ ਜੀ ਦੇ ਬਾਗ਼ ਵਿੱਚ
ਲੈ ਦੁਸ਼ਾਲਾ ਖੜੀ ਹਾਂ ।

5. ਕਾਲਾ ਕੁੱਤਾ, ਕੰਧ ਨਾਲ਼ ਸੁੱਤਾ ।

6. ਏਧਰ ਖਾਈ, ਓਧਰ ਖਾਈ ,
ਵਿੱਚ ਵਿਚਾਲੇ ਭਾਈ।

7. ਲੰਮੀਆਂ-ਲੰਮੀਆਂ ਤਾਰਾਂ ।
ਵਿੱਚ ਫਿਰਨ ਮਰੂਤੀ ਕਾਰਾਂ ।

8. ਨਿੱਕੀ ਜਿਹੀ ਕੁੜੀ ,
ਉਹਦੇ ਢਿੱਡ ਵਿੱਚ ਲਕੀਰ ।

9. ਜਾਦੂਗਰ ਦਾ ਦੇਖ ਕਮਾਲ ।
ਖਾਵੇ ਹਰਾ, ਕੰਢੇ ਲਾਲ ।

10. ਵੱਟ 'ਤੇ ਘੁਮਿਆਰੀ ਬੈਠੀ ।
ਘੱਗਰਾ ਖਿਲਾਰੀ ਬੈਠੀ ।

ਆਤਮਾ ਸਿੰਘ ਚਿੱਟੀ



Registered No. CHD/0063/2024-2026
Registered with the Registrar of Newspapers for India, New Delhi under R.N.I. 34016/80

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਫਲੋਰਿਡ ਪ੍ਰਿੰਟ ਐਂਡ ਪੈਕ ਪ੍ਰਾਈਵੇਟ ਲਿਮਟਿਡ, ਪਲਾਟ ਨੰ. 22, ਫੈਕਟਰੀ ਏਰੀਆ, ਪਟਿਆਲਾ ਤੋਂ ਛਪਵਾ ਕੇ ਫੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 30 ਸਤੰਬਰ 2026 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਪਰਮਿੰਦਰ ਕੌਰ

ਮੁੱਲ: ₹20

